1. ਦਰਵ ਵਿਉ੍ਤ ਸਰਗ 2. ਭਾਵ ਵਿਉਤਸਰਗ।

ਦਰੱਵ ਵਿਉਤ ਸਰਗ 4 ਪ੍ਰਕਾਰ ਦਾ ਹੈ :

1. ਸ਼ਰੀਰ :—ਸ਼ਰੀਰ ਸੰਭਧੀ ਮਮਤਾ ਦਾ ਤਿਆਗ ਕਰਕੇ ਸਾਰ ਸੰਭਾਲ ਨਾ ਕਰਨਾ।
2. ਗੁਣ :—ਤਪੱਸਿਆ, ਅਧਿਐਨ ਅਤੇ ਧਿਆਨ ਲਈ ਅਪਣੇ ਮੁਨੀ ਸੰਘ ਦਾ ਤਿਆਗ ਕਰਕੇ ਇਕੱਲਾ ਘੁਮਨਾ।
3. ਉਪਧਿ :—ਵਸਤਰ ਪਾਤਰ ਦਾ ਤਿਆਗ।
4. ਭਕਤਪਾਨ :—ਖਾਣ ਪੀਣ ਦੇ ਪਦਾਰਥਾਂ ਦੀ ਹੱਦ ਨਿਸ਼ਚਿਤ ਕਰਨਾ।

ਭਾਵ ਵਿਉਤਸਰਗ ਦੇ ਤਿੰਨ ਭੇਦ ਹਨ :

## ਵੀਰਜ ਆਚਾਰ

ਸਮਿਅੱਕ ਗਿਆਨ, ਸਮਿਅੱਕ ਦਰਸ਼ਨ ਅਤੇ ਸਮਿਅੱਕ ਚਾਰਿਤਰ ਸਮਿਅੱਕ ਤੱਪ ਇਹ ਚਾਰ ਮੋਕਸ਼ ਪ੍ਰਾਪਤੀ ਦਾ ਕਾਰਣ ਹਨ। ਇਨ੍ਹਾਂ ਮੋਕਸ਼ ਸਾਧਨਾ ਪ੍ਰਤੀ ਪੁਰਸਾਰਥ, ਕ੍ਰਿਆਂ, ਧਿਆਨ, ਤਪ ਸੰਜਮ, ਉਪਦੇਸ਼, ਆਚਰਨ ਵਿਚ ਬਲ, ਵੀਰਜ, ਪੁਰਸ਼ਾਰਥ ਅਤੇ ਪਰਿਕ੍ਰਮ ਕਰਨਾ ਵੀਰਜ ਆਚਾਰ ਹੈ।

## ਤਿੰਨ ਪ੍ਰਕਾਰ ਦੀ ਗੁਪਤੀ

ਅਚਾਰੀਆ ਤਿੰਨ ਗੁਪਤੀਆਂ ਦੇ ਧਾਰਕ ਹੁੰਦੇ ਹਨ।

ਇਹ ਹਨ :—

1) ਮਨ ਗੁਪਤੀ :—ਮਨ ਨੂੰ ਹਿੰਸਾ ਤੋਂ ਪਰੇ ਹਟਾ ਕੇ ਧਰਮ ਧਿਆਨ ਅਤੇ ਸ਼ੁਕਲ ਧਿਆਨ ਵਿਚ ਲਾਉਣਾ।
2) ਵਚਨ ਗੁਪਤੀ :—ਆਪਣੇ ਬੋਲ ਚਾਲ ਰਾਂਹੀ ਪਾਪ ਕਾਰੀ ਕੰਮਾਂ ਤੋਂ ਬਚਣਾ।
3) ਕਾਈਆ ਗੁਪਤੀ :—ਆਪਣੇ ਸ਼ਰੀਰ ਰਾਂਹੀ ਪਾਪਕਾਰੀ ਕੰਮਾਂ ਤੋਂ ਬਚਣਾ।

## 5 ਸਮਿਤ਼ੀ

ਅਚਾਰੀਆ ਮਹਾਰਾਜ 5 ਸਮਿਤਿਆਂ ਦਾ ਪਾਲਣ ਕਰਦੇ ਹਨ।

1) ਜੀਵਾਂ ਦੀ ਰਖਿਆ ਲਈ ਦੇਖ ਭਾਲ ਕੇ ਚਲਣਾ।
2) ਗਲਬਾਤ ਸਾਵਧਾਨੀ ਨਾਲ ਕਰਨਾ।
3) ਭੋਜਨ ਤੇ ਪਾਣੀ ਦੇਖ ਭਾਲ ਕੇ ਗ੍ਰਹਿਣ ਕਰਨਾ।
4) ਕਪੜੇ, ਭਾਂਡੇ, ਆਦਿ ਗ੍ਰਹਿਣ ਕਰਨ ਵਿਚ ਸਾਵਧਾਨੀ ਰਖਣਾ।
5) ਮੂੱਲ, ਮੂਤਰ ਯੋਗ ਥਾਂ ਅਤੇ ਸਾਧਵਾਨੀ ਨਾਲ ਤਿਆਗਣਾ।

ਸਾਧਾਰਣ ਸਾਧੂ ਸਾਧਵੀ ਵੀ ਇਨ੍ਹਾਂ ਵਰਗੇ ਦਾ ਪਾਲਨ ਕਰਦੇ ਹਨ।

## 4 ਪ੍ਰਕਾਰ ਦੇ ਕਸਾਏ

ਅਚਾਰੀਆ ਹਮੇਸ਼ਾ ਖਿਮਾਵਾਨ, ਦਿਆਲੂ ਸ਼ੀਲ (ਸੁਧ ਚਰਿਤੱਰ ਵਾਲਾ) ਵਿਨ-

ਵਾਨ, ਛੱਲਕਪਟ ਰਹਿਤ, ਅਭਿਮਾਨ ਰਹਿਤ, ਸੰਤੋਖਵਾਲਾ, ਨਿਮਰਤਾ ਵਾਲਾ ਹੌਸਲੇਵਾਲਾ, ਤਪ, ਸੰਜਮ ਅਤੇ ਗਿਆਨ ਦਾ ਪ੍ਰਤੀਕ ਹੁੰਦਾ ਹੈ, ਇਨ੍ਹਾਂ ਗੁਣਾ ਦੇ ਵਿਕਾਸ ਲਈ ਸਾਧੂ ਨੂੰ ਪਾਪਾਂ ਦੇ ਕਾਰਣ 4 ਕਸ਼ਾਏ ਤੇ ਜਿੱਤ ਹਾਸਲ ਕਰਨੀ ਜਰੂਰੀ ਹੈ।

## 4 ਕਸ਼ਾਏ

ਸੱਚਾ ਸਾਧੂ (ਅਚਾਰਿਆ) 4 ਕਸ਼ਾਏ ਤੋਂ ਹਮੇਸ਼ਾ ਮੁਕਤ ਹੁੰਦਾ ਹੈ ਇਹ ਕਸ਼ਾਏ ਅੱਗ ਹਨ ਜੋ ਖਿਮਾਂ, ਦਿਆ, ਸ਼ੀਲ, ਵਿਨੈ. ਸਰਲਤਾ, ਨਿਰਲੋਭਤਾ, ਨਿਰਅਗਿਆਨਤਾ, ਨਿਮਰਤਾ ਸੰਤੋਖ, ਧੀਰਜ, ਤੱਪ, ਸੰਜਮ ਤੇ ਗਿਆਨ ਆਦਿ ਗੁਣਾਂ ਨੂੰ ਜਲਾ ਕੇ ਰਾਖ ਕਰ ਦਿੰਦੇ ਹਨ। ਮਨੁੱਖ ਦੀ ਚੇਤਨਾ ਤੇ ਕਾਲਿਖ ਮਲ ਦਿੰਦੇ ਹਨ। ਕਸ਼ਾਏ ਚੋਰ ਦੀ ਤਰ੍ਹਾਂ ਮਨੁੱਖੀ ਸਰੀਰ ਤੇ ਮਨ ਵਿਚ ਛਿਪ ਕੇ ਅਧਿਆਤਮਕ ਸੰਪਤੀ ਚੁਰਾ ਲੈਂਦੇ ਹਨ। ਕਸ਼ਾਏ ਵਿਚ ਉਲਝਿਆ ਆਦਮੀ ਬਾਰ ਬਾਰ ਜਨਮ ਮਰਨ ਕਰਦਾ ਹੈ। ਜਿਸ ਦੇ ਫ਼ਲ ਨਾਲ ਸੰਸਾਰ (ਜਨਮ ਮਰਨ) ਵਿਚ ਵਾਧਾ ਹੋਵੇ ਉਹ ਹੀ ਕਸ਼ਾਏ ਹੈ ਜਿਵੇਂ ਪਿੱਤਲ ਦੇ ਭਾਂਡੇ ਵਿਚ ਰਖਿਆ ਦੁਧ ਦਹੀਂ ਕੁਸੈਲਾ ਤੇ ਜ਼ਹਿਰੀਲਾ ਹੋ ਜਾਂਦਾ ਹੈ। ਇਸ ਪ੍ਰਕਾਰ ਕਸ਼ਾਏ ਰੂਪੀ ਦੁਰਗੁਣਾ ਕਾਰਣ ਆਤਮਾ ਲਈ ਜਰੂਰੀ ਸੰਜਮ ਗੁਣ ਜ਼ਹਿਰੀਲੇ ਹੋ ਜਾਂਦੇ ਹਨ। ਕਰਮ ਬੰਧ ਕਸ਼ਾਏ ਦੀ ਅੱਗ ਨੂੰ ਅਚਾਰਿਆ (ਸਾਧੂ) ਸ਼ੀਲ, ਸ਼ਰੁਤ ਨਾਲ ਦੂਰ ਕਰਦੇ ਹਨ। ਕਸ਼ਾਏ ਚਾਰ ਹਨ :

1) ਕਰੋਧ :—ਕਰੋਧ ਪ੍ਰੇਮ ਦਾ ਨਾਸ਼ ਕਰਦਾ ਹੈ ਕਰੋਧ ਤੇ ਕਰੋਧੀ ਦੋਵੇਂ ਚੰਡਾਲ ਹਨ। ਕਰੋਧ ਵਿਚ ਮਨੁੱਖ ਆਪਣਾ ਅਸਲ ਸਵਰੂਪ ਭੁਲ ਕੇ ਆਪਣੀ ਪਿਆਰੀ ਤੇ ਹਿਤ-ਕਾਰੀ ਵਸਤੂ ਗਵਾ ਬੈਠਦਾ ਹੈ ਕਰੋਧ ਜੇਤੂ ਜੀਵ ਕਰੋਧ-ਵੇਦਨੀਆਂ ਕਰਮ ਦਾ ਬੰਧ ਨਹੀਂ ਕਰਦਾ।

2) ਮਾਨ : ਇਹ ਪ੍ਰਾਕ੍ਰਿਤੀ ਨੂੰ ਕਠੋਰ ਬਣਾਉਂਦਾ ਹੈ। ਵਿਨੈ ਖਤਮ ਹੋ ਜਾਂਦੀ ਹੈ ਵਿਨੈ ਤੋਂ ਬਿਨਾ ਗਿਆਨ ਅਸੰਭਵ ਹੈ। ਗਿਆਨ ਪ੍ਰਾਪਤੀ ਤੋਂ ਬਿਨਾਂ ਜੀਵ ਅਜੀਵ ਤੱਤਵਾਂ ਦਾ ਗਿਆਨ ਨਹੀਂ ਹੋ ਸਕਦਾ। ਜੀਵ ਅਜੀਵ ਦਾ ਸਵਰੂਪ ਜਾਣੇ ਬਿਨਾਂ ਦਿਆ, ਸੰਬਰ, ਸਮਤਾ. ਖਿਮਾ, ਨਿਰਜਰਾ ਅਸੰਭਵ ਹੈ। ਧਰਮ ਅਸੰਭਵ ਹੈ। ਕਰਮ ਖਤਮ ਕਰਕੇ ਪ੍ਰਮਾਤਮਾ ਬਣਾ ਅਸੰਭਵ ਹੈ। ਇਹ ਮਾਨ (ਹੰਕਾਰ) ਅਠ ਪ੍ਰਕਾਰ ਦਾ ਹੈ :

(1) ਜਾਤ ਦਾ ਹੰਕਾਰ (2) ਕੁਲ ਦਾ ਹੰਕਾਰ (3) ਬਲ (ਸ਼ਕਤੀ) ਦਾ ਹੰਕਾਰ (4) ਰੂਪ ਦਾ ਹੰਕਾਰ (5) ਲਾਭ ਦਾ ਹੰਕਾਰ (6) ਤੱਪ ਦਾ ਹੰਕਾਰ (7) ਗਿਆਨ ਦਾ ਹੰਕਾਰ (8) ਏਸ਼ਵਰੀਯ (ਸ਼ਾਨ ਸ਼ੌਕਤ) ਦਾ ਹੰਕਾਰ।

3) ਮਾਇਆ : ਮਾਇਆ, ਕਸ਼ਟ, ਛੱਲ, ਧੋਖਾ ਆਦਿ ਮਾਇਆ ਦੇ ਨਾਮ ਹਨ। ਸ਼ਾਸਤਰ ਵਿਚ ਮਾਇਆ ਨੂੰ ਸਲਯ (ਕੰਡਾ) ਵੀ ਕਿਹਾ ਗਿਆ ਹੈ। ਜਿਵੇਂ ਸਰੀਰ ਵਿਚ ਲਗਾ ਕੰਡਾ ਸਾਰੇ ਸਰੀਰ ਨੂੰ ਦੁਖ ਦੇ ਅਹਿਸਾਸ ਕਰਾਉਂਦਾ ਹੈ ਉਸੇ ਪ੍ਰਕਾਰ ਮਾਇਆ ਆਤਮਾ ਨੂੰ ਜਨਮ ਮਰਨ ਦੇ ਦੁਖ ਦਾ ਅਹਿਸਾਸ ਕਰਾਉਂਦੀ ਹੈ। ਮਾਇਆ ਵਾਲਾ ਵਿਅ-

ਕਤੀ ਮਿਥਿਆ ਦਰਿਸ਼ਟੀ ਵੀ ਕਿਹਾ ਗਿਆ ਹੈ। ਜੋ ਪੁਰਸ਼ ਮਾਇਆ ਦਾ ਸੇਵਨ ਕਰਦਾ ਹੈ ਉਹ ਅਗਲੇ ਜਨਮ ਵਿਚ ਇਸਤਰੀ ਬਣਦਾ ਹੈ ਜੋ ਇਸਤਰੀ ਮਾਇਆ ਦਾ ਸੇਵਨ ਕਰਦੀ ਹੈ ਉਹ ਨਪੁੰਸਕ ਬਣਦੀ ਹੈ ਜੇ ਨਪੁੰਸਕ ਮਾਇਆ ਸੇਵਨ ਕਰਦਾ ਹੈ ਤਾਂ ਪਸ਼ੂ ਜਾਤ ਵਿਚ ਪੈਦਾ ਹੁੰਦਾ ਹੈ। ਕਈ ਲੋਕ ਬਾਹਰੋਂ ਸ਼ੁਧ ਵਿਖਾਈ ਦਿੰਦੇ ਹਨ। ਅੰਦਰੋ ਮਾਇਆ ਦਾ ਸੇਵਨ ਕਰਦੇ ਹਨ। ਸੋ ਸੱਚਾ ਸਾਧਕ ਮਾਇਆ ਦਾ ਸੇਵਨ ਨਹੀਂ ਕਰਦਾ।

4) ਲੋਭ :—ਲਾਲਚ, ਲਾਲਸਾ, ਤ੍ਰਿਸ਼ਨਾ ਸਭ ਲੋਭ ਦੇ ਰੂਪ ਮੰਨੇ ਗਏ ਹਨ। ਲੋਭ ਸਾਰੇ ਗੁਣਾਂ ਦਾ ਨਾਸ਼ਕ ਹੈ ਇਸ ਕਾਰਣ ਲੋਕ ਦੁਖ ਪਾਂਦੇ ਹਨ, ਲੋਭ ਕਾਰਣ ਮਨੁਖ ਮਾਇਆ ਕਪਟ ਕਰਦਾ ਹੈ ਕਰੋਧ ਤੇ ਅਭਿਮਾਨ (ਮਾਨ) ਕਰਦਾ ਹੈ। ਹਰਕਸ਼ਾਏ ਚਾਰ ਪ੍ਰਕਾਰ ਦਾ ਕਿਹਾ ਗਿਆ ਹੈ।

1) ਅਨੰਤਨਬੰਧੀ :—ਅੰਨਤ ਸੰਸਾਰ ਜਨਮ ਮਰਨ ਦਾ ਕਾਰਣ ਅਨੁਬੰਧ ਕਰਨ ਵਾਲਾ ਹੈ ਬੰਧਨ ਤੇ ਬੰਧਨ ਲਦਣ ਵਾਲਾ ਹੈ। ਇਹ ਕਸ਼ਾਏ ਅਜੇਹਾ ਹੈ ਕਿ ਮਨੁੱਖ ਨੂੰ ਇਸ ਦਾ ਅਨੁਭਵ ਨਹੀਂ ਹੁੰਦਾ। ਇਸ ਕਸ਼ਾਏ ਵਿਚ ਪਾਪ ਅਤੇ ਵਿਸ਼ੇ ਕਰੱਤਵ ਜਾਪਦਾ ਹੈ। ਸੋ ਇਹ ਮਨੁੱਖ ਨੂੰ ਸੁਭਾਅ ਸਮਿਅੱਕਤਵ ਤੋਂ ਗਿਰਾ ਕੇ ਮਥਿਆਤਵ ਵਲ ਲੈ ਆਉਂਦਾ ਹੈ।

2) ਅਪ੍ਰਤਿਖਿਆਨ :—ਹਿੰਸਾ ਆਦਿ ਪਾਪ ਅਕੱਰਤਵ ਹੈ ਇਹ ਜਾਣਦੇ ਅਤੇ ਸਮਝਦੇ ਹੋਏ ਵੀਰਜ(ਸ਼ਕਤੀ ਦੀ ਘਾਟ ਕਾਰਣ ਜੀਵ ਨੂੰ ਪ੍ਰਤਿਖਿਆਨ ਤਿਆਗ ਦੀ ਸਥਿਤੀ ਵਿਚ ਨਹੀਂ ਆਉਣਾ ਦਿੰਦਾ) ਉਹ ਥੋੜਾ ਜੇਹਾ ਵੀ ਪਾਪ ਨਹੀਂ ਤਿਆਗ ਸਕਦਾ।

3) ਪ੍ਰਤਿਖਿਆਨ ਵਰਨ :—ਇਹ ਪੂਰਾ ਪਛਖਾਨ ਦਾ ਵਿਰੋਧੀ ਨਹੀਂ। ਪਰ ਕੁਝ ਆਵਰਨ (ਪਰਦਾ) ਜਰੂਰ ਪਾਂਦਾ ਹੈ। ਪਹਿਲੇ ਤੇ ਦੂਸਰੇ ਕਸ਼ਾਏ ਦੇ ਦਬ ਜਾਣ ਨਾਲ ਚਾਹੇ ਸ਼ਰਧਾ ਥੋੜੀ ਰਹਿ ਜਾਵੇ ਇਹ ਤੀਸਰੀ ਸ਼ਰੇਣੀ ਪਛਖਾਨ ਵਿਚ ਰੁਕਾਵਟ ਬਣਦਾ ਹੈ।

4) ਸੰਜਵਲਨ :—ਪਹਿਲੀਆਂ ਤਿੰਨ ਸਥਿਤੀਆਂ ਨੂੰ ਤਿਆਗ ਕੇ ਆਤਮਾ ਸਾਧੂ ਬਣ ਜਾਵੇ ਪਰ ਫੇਰ ਵੀ ਕਦੇ ਕਦੇ ਥੋੜਾ ਜੇਹਾ ਕਸ਼ਾਏ ਪ੍ਰਗਟ ਹੋ ਜਾਵੇ ਸੰਜਮ ਪ੍ਰਤੀ ਰਾਗ ਅਤੇ ਦੋਸ਼ਾ ਪ੍ਰਤੀ ਦਵੇਸ਼ ਸੰਜਵਲਨ ਦਾ ਕੰਮ ਹੈ। ਸਾਧੂ ਨੂੰ ਰਾਗ ਦਵੇਸ਼ ਨਹੀਂ ਹੋਣਾ ਚਾਹੀਦਾ।

## ਯੋਗ

ਮਨ, ਵਚਨ, ਕਾਇਆ ਦਾ ਸੁਮੇਲ ਯੋਗ ਹੈ। ਜੀਵ ਦੇ ਵਿਚਾਰ ਕਥਨ ਅਤੇ ਵਿਵ-ਹਾਰ ਯੋਗ ਹੈ ਸੱਤ ਵਿਵਹਾਰ ਸ਼ੁਭ ਕਰਮ ਦਾ ਕਾਰਣ, ਅਸਤ ਅਸ਼ੁਭ ਕਰਮ ਦਾ ਕਾਰਣ ਹੈ।

ਮਨ ਦੇ ਚਾਰ ਯੋਗ :

1) ਜੇਹੇ ਵਸਤੂ ਹੋਵੇ ਉਸੇ ਪ੍ਰਕਾਰ ਆਖਮਾ ਸਤਯ ਮਨੋਯੋਗ ਹੈ 2) ਵਸਤੂ ਤੋਂ ਉਲਟ ਆਖਣਾ ਅਸੱਤ ਮਨਯੋਗ ਹੈ 3) ਥੋੜਾ ਝੂਠ, ਥੋੜਾ ਸੱਚ ਆਖਣਾ, ਸੱਤ ਅਸ਼ੱਤ ਮਨਯੋਗ ਹੈ। 4) ਕੰਮ ਕਾਰ ਸੰਬੰਧੀ ਆਖਣਾ ਜਿਸ ਵਿਚ ਨਿਸ਼ਚੇ ਪਖੋਂ ਸੱਚ ਝੂਠ ਕੁਝ

ਨਹੀਂ ਵਿਵਹਾਰ ਯੋਗ ਹੈ ।

ਵਚਨ ਦੇ ਵੀ ਇਸੇ ਤਰਾਂ ਚਾਰ ਭੇਦ ਹਨ :

ਕਾਇਆ ਯੋਗ ਦੇ 7 ਭੇਦ ਹਨ :

(1-2) ਮਨੁਖ ਤੇ ਪਸ਼ੂਆਂ ਦਾ ਅਦਾਰਿਕ (3-4) ਦੇਵ, ਨਾਰਕੀ ਦਾ ਵੈਕਰੀਆ, ਸ਼ਰੀਰ (5) (ਰਿਧੀ ਸਿਧੀ) ਵਾਲੇ ਮੁਨੀ ਦਾ ਅਹਾਰਕ ਸਰੀਰ । ਇਨਾਂ ਦੇ ਤਿੰਨ ਭੇਦ ਹਨ :

1) ਅਦਾਰਿਕ ਕਾਯ ਯੋਗ 2) ਵੈਕਰਿਆ ਕਾਇਆ ਯੋਗ 3) ਅਹਾਰਕ ਕਾਯ ਯੋਗ ।

## ਪ੍ਰਮਾਦ

ਜਿਸ ਕਾਰਣ ਆਤਮਾ ਆਪਣਾ ਸਵਰੂਪ ਭੁਲ ਜਾਵੇ ਉਹ ਪ੍ਰਮਾਦ ਹੈ । ਇਹ ਪੰਜ ਪ੍ਰਕਾਰ ਦਾ ਹੈ :

1) ਮੱਦ (ਹੰਕਾਰ) 2) ਵਿਸ਼ੇ 3) ਕਸ਼ਾਏ 4) ਨੀਂਦ 5) ਵਿਕਥਾ, ਮਿਥਿਆਤਵ ।

ਅਵਿਰਤੀ, ਕਸ਼ਾਏ, ਯੋਗ ਪ੍ਰਮਾਦ ਹੀ ਆਸ਼ਰਵ (ਪਾਪ ਦਾ ਦਰਵਾਜਾ) ਦਾ ਕਾਰਣ ਹਨ । ਸਾਧੂ ਇਨਾਂ ਤੋਂ ਬਚਦਾ ਹੈ ।

## ਅਚਾਰੀਆ ਯੋਗ ਵਿਅਕਤੀ ਦੇ 36 ਯੋਗਤਾਂਵਾਂ

(1) ਆਰੀਆ ਦੇਸ਼ (2) ਕੁੱਲ ਸੰਪਨ (3) ਜਾਤੀ ਸੰਪਨ (4) ਰੂਪ ਸੰਪਨ (5) ਬੱਲ ਸੰਪਨ (6) ਧਰੀਤੀ (ਧੀਰਜ) ਸੰਪਨ [7] ਅਨਾਸੰਸੀ-ਸੰਸਾਰਿਕ ਪਦਾਰਥਾਂ ਦੀ ਆਸ਼ਾ ਨਾ ਕਰਨ ਵਾਲਾ [8] ਅਵਿਕਥਨ-ਛੋਟੀ ਛੋਟੀ ਗਲਾਂ ਨੂੰ ਵਾਰ ਵਾਰ ਦਾ ਦੁਹਰਾਣ ਵਾਲਾ (9] ਜਿੱਤਮਾਈ-ਧੋਖੇ ਤੋਂ ਰਹਿਤ [10] ਸਥਿਰ ਪਰਿਪਾਟੀ-ਸ਼ਾਸਤਰਾਂ ਦੇ ਗਿਆਨ ਵਿਚ ਸਥਿਰ ਬੁੱਧੀ ਵਾਲਾ [11] ਗ੍ਰਹਿਤ ਵਾਕਾ-ਹਰ ਵਾਕ ਗ੍ਰਹਿਣ ਕਰਣਯੋਗ [12] ਜਿਤਪਰਿਸ਼ਧ-ਸਭਾ ਬੈਠੇ ਸਾਰੇ ਵਿਦਵਾਨਾ ਤੇ ਜਿੱਤ ਹਾਸਲ ਕਰਨ ਵਾਲਾ [13] ਜਿਤ-ਨਿੰਦਰ/ਨੀਦ ਤੇ ਕਾਬੂ ਪਾਉਣ ਵਾਲਾ । [14] ਮਧਿਅਸਥ-ਪੱਖਪਾਤ ਤੋਂ ਰਹਿਤ [15] ਦੇਸ਼ਯਗਾ-ਜਿਸ ਦੇਸ ਵਿਚ ਘੁਮੇ ਉਥੋਂ ਦੇ ਰੀਤੀ ਰਿਵਾਜ, ਰਹਿਣ ਸਹਿਣ, ਭਾਸ਼ਾ ਨੂੰ ਜਾਣਨ ਵਾਲਾ [16] ਕਾਲਯੁਗ-ਮੌਕੇ ਅਨੁਸਾਰ ਯੋਗ ਫੈਸਲਾ ਕਰਨ ਵਾਲਾ [17] ਭਾਵਯੱਗ :—ਦੂਸਰੇ ਦੇ ਭਾਵਾਂ ਨੂੰ ਜਾਣਨ ਵਾਲਾਂ [18] ਅਸਨਲਬੱਦ-ਅਚਾਰੀਆ ਪ੍ਰਸ਼ਨਾਂ ਦਾ ਯੋਗ ਅਤੇ ਉਸੇ ਸਮੇਂ ਉਤਰ ਦੇਣ ਵਾਲਾ ਹੋਵੇ । [19] ਨਾਨਾ ਵਿਧਦੇਸ਼ ਭਾਸ਼ਾ ਵਿਗ-ਅਚਾਰੀਆ ਨੂੰ ਬਹੁਤ ਦੇਸ਼ਾਂ ਦੀ ਭਾਸ਼ਾ ਧਰਮ ਪ੍ਰਚਾਰ ਹਿੱਤ ਜਾਣਨੀਆਂ ਚਾਹੀਦੀਆਂ ਹਨ । [20] ਗਿਆਨ ਅਚਾਰ ਸੰਪਨ (21) ਦਰਸ਼ਨ ਅਚਾਰ ਸੰਪਨਾ [22] ਚਾਰਿੱਤਰ ਅਚਾਰ ਸੰਪਨ [23] ਤੱਪ ਅਚਾਰ ਸੰਪਨ [24] ਵੀਰਯਅਚਾਰ ਸੰਪਨ [25] ਆਚਰਣ-ਉਦਾਹਰਣਾ ਰਾਂਹੀ ਸਿਧਾਂਤ ਸਮਝਾਉਣ ਵਾਲਾ ]26] ਸੂਤਰ, ਅਰਥ ਅਤੇ ਦੋਹਾਂ

ਦਾ ਜਾਣਕਾਰ ਹੋਵੇ। (27) ਹੇਤੂ ਨਿਪਨ-ਹਰ ਗੱਲ ਦਾ ਕਾਰਣ ਅਤੇ ਮੂਲ ਨੂੰ ਜਾਣਦਾ ਹੋਵੇ। [28] ਉਪਨਯਨਿਪੁਨ-ਆਤਮ ਕਲਿਆਣ ਕਾਰੀ ਉਦਾਹਰਨ ਦੇਨ ਵਾਲਾ ਹੋਵੇ। [29] ਨਯਸ਼ਾਸਤਰ ਦਾ ਜਾਣਕਾਰ ਹੋਵੇ [30] ਗ੍ਰਾਹਣ ਕੁਸ਼ਲ:—ਦੂਸਰਿਆਂ ਨੂੰ ਧਰਮ ਗ੍ਰਹਿਣ ਕਰਵਾਉਣ ਵਿਚ ਯੋਗ ਹੋਵੇ। (31] ਅਚਾਰੀਆ ਆਪਣੇ ਧਰਮ ਤੇ ਸਿਧਾਂਤ ਦਾ ਖਾਸ ਜਾਣਕਾਰ ਹੋਵੇ (32) ਪਰ ਸਮੇਂ ਵਿਚ-ਆਪਣੇ ਧਰਮ ਤੋਂ ਛੁਟ ਅਚਾਰੀਆ ਦੂਸਰੇ ਧਰਮਾਂ ਦਾ ਜਾਣਕਾਰ ਹੋਵੇ। (33) ਅਚਾਰੀਆ ਗੰਭੀਰ ਹੋਵੇਂ (34) ਅਚਾਰੀਆ ਬੁਧੀ ਤੇ ਵਿਚਾਰ ਤੋਂ ਪ੍ਰਭਾਵ ਸ਼ਾਲੀ ਤੇ ਤੇਜਸਵੀ ਹੋਵੇ (35) ਸ਼ਿਵ ਸ੍ਰੀ ਸੰਘ ਤੇ ਕਸ਼ਟ ਆਉਣ ਤੇ ਅਚਾਰੀਆ ਉਸ ਨੂੰ ਖਤਮ ਕਰਨ ਵਾਲਾ ਹੋਵੇ। (36) ਸੋਮਯ ਗੁਣ-ਅਚਾਰੀਆ ਮਹਾਨ ਹੋਣਾ ਚਾਹੀਦਾ ਹੈ।

## ਅਚਾਰੀਆਂ ਦੀਆਂ 4 ਖਾਸ ਕ੍ਰਿਆਵਾਂ

1] ਸਾਰਣਾ—ਆਚਾਰੀਆ ਸਾਧੂ, ਸਾਧਵੀ, ਸ਼੍ਰਾਵਕ ਤੇ ਸ਼੍ਰਾਵੀਕਾ ਰੂਪੀ ਸ੍ਰੀ ਸੰਘ ਨੂੰ ਉਨ੍ਹਾਂ ਦੇ ਨਿੱਤ ਧਾਰਮਿਕ ਕਰੱਤਵਾਂ ਦੀ ਯਾਦ ਦਿਵਾਉਂਦਾ ਹੈ।

2] ਵਾਰਣਾ—ਆਚਾਰੀਆ ਸ੍ਰੀ ਸੰਘ ਵਿਚ ਫੈਲੇ ਹਰ ਪ੍ਰਕਾਰ ਦੇ ਸਿੱਧਾਂਤ ਜਾਂ ਧਾਰਮਿਕ ਤੇ ਭਰਿਸ਼ਟ ਜੀਵਾਂ ਨੂੰ ਚੰਗੀ ਸਿਖਿਆ ਦੇ ਕੇ ਸਿੱਧੇ ਰਾਹ ਪਾਉਂਦਾ ਹੈ।

3] ਚੋਯਨਾ—ਸਾਧੂਆਂ ਨੂੰ ਅਣਗਹਿਲੀ [ਧਰਮ ਪ੍ਰਤੀ] ਨਾ ਕਰਨ ਦੀ ਪ੍ਰੇਰਣਾ ਦਿੰਦਾ ਹੈ

4] ਪ੍ਰਤੀ ਚੋਯਨਾ—ਜੇ ਕੋਈ ਜੀਵ ਆਚਾਰੀਆ ਦੀ ਚੰਗੀ ਸਿਖਿਆ ਨੂੰ ਢੰਗ ਨਾਲ ਨਾ ਮੰਨੇ ਤਾਂ ਆਚਾਰੀਆ ਉਹ ਹੀ ਸਿਖਿਆ ਕਠੋਰ ਭਾਸ਼ਾ ਵਿਚ ਵੀ ਦਿੰਦਾ ਹੈ।

## ਆਚਾਰੀਆਂ ਦੀਆਂ 8 ਸੰਪ੍ਰਦਾਵਾਂ

1] ਆਚਾਰ ਸੰਪਦਾ 2] ਸ਼ਰੁਤ ਸੰਪਦਾ 3] ਸਰੀਰ ਸੰਪਦਾ 4] ਵਚਨ ਸੰਪਦਾ 5] ਵਾਚਨਾ ਸੰਪਦਾ 6] ਮਤੀ ਸੰਪਦਾ 7] ਪ੍ਰਯੋਗ ਸੰਪਦਾ 8] ਸੰਗ੍ਰਹਿ ਹਿਪਾਰਿਗਿਆ।

1] ਆਚਾਰੀਆ ਅਚਾਰ ਪਾਲਣ ਕਰਵਾਉਣ ਕਰਕੇ ਅਚਾਰ ਸੰਪਦਾਂ ਦਾ ਧਨੀ ਹੁੰਦਾ ਹੈ।

2] ਸ਼ਾਸਤਰਾਂ ਦੇ ਹਰ ਪਖੋਂ ਗਿਆਨ ਦਾ ਧਾਰਕ ਹੋਣ ਕਾਰਣ ਉਹ ਸਰੁਤ ਸੰਪ੍ਰਦਾ ਦਾ ਧਾਰਕ ਹੈ।

3] ਸੁੰਦਰ ਤੇ ਨਿਰੋਗ ਸਰੀਰ ਹੋਣ ਕਾਰਣ ਉਹ ਸਰੀਰ ਸੰਪਰਦਾ ਦਾ ਮਾਲਕ ਹੈ।

4] ਭਾਸ਼ਨ ਕਲਾ ਵਿਚ ਪ੍ਰਮੁਖ ਹੋਣ ਕਾਰਾਣ ਆਚਾਰੀਆ ਵਚਨ ਸੰਪਰਦਾ ਦਾ ਧਨੀ ਹੈ।

5] ਆਚਾਰੀਆ ਸ੍ਰੀ ਸੰਘ ਨੂੰ ਸ਼ਾਸ਼ਤਰਾਂ ਦੀ ਪੜਾਈ ਕਰਾਉਂਦਾ ਹੈ। ਇਸ ਲਈ ਉਹ ਬਾਚਨਾ ਸੰਪ੍ਰਦਾ ਦਾ ਧਨੀ ਹੈ।

6] ਆਚਾਰੀਆ ਤੇਜ ਬੁਧੀ ਹੋਣ ਕਾਰਣ ਮਤੀ ਸੰਪਰਦਾ ਦਾ ਧੰਨੀ ਹੁੰਦਾ ਹੈ।

7] ਆਚਾਰੀਆ ਵਾਦ ਵਿਵਾਦ ਅਤੇ ਸ਼ਾਸਤਰ ਅਰਥ ਕਰਨ ਵਿਚ ਪ੍ਰਵੀਨ ਹੁੰਦਾ ਹੈ।

ਇਸੇ ਕਾਰਣ ਉਹ ਪ੍ਰਯੋਗ ਮਤੀ ਸੰਪਦਾ ਦਾ ਧਨੀ ਹੈ ।

8] ਆਚਾਰੀਆ ਸਾਧ, ਸਾਧਵੀਆਂ ਲਈ ਯੋਗ ਵਸਤਰ ਅਤੇ ਪਾਤਰ ਦਾ ਸੰਗ੍ਰਹਿ ਕਰਨ ਦਾ ਅਧਿਕਾਰੀ ਹੈ ਇਸ ਲਈ ਉਹ ਸੰਗ੍ਰਹਿ ਪ੍ਰਿਗਿਆ ਸੰਪਦਾ ਦਾ ਧਨੀ ਹੈ ।

ਇਸ ਪ੍ਰਕਾਰ ਆਚਾਰੀਆ ਪਦਵੀ ਜੈਨ ਧਰਮ ਵਿਚ ਬਹੁਤ ਹੀ ਗੁਣ ਪ੍ਰਧਾਨ ਅਤੇ ਪੂਜਣ ਯੋਗ ਹੈ ।

# ਉਪਾਧਿਆ

ਨਵਕਾਰ ਮੰਤਰ ਵਿਚ ਚੋਥਾ ਮਹੱਤਵ ਪੂਰਨ ਸਥਾਨ ਉਪਾਧੀਆ ਦਾ ਹੈ। ਉਸ ਦਾ ਫਰਜ ਸ੍ਰੀ ਸੰਘ ਦੇ ਸਾਧੂ, ਸਾਧਵੀ, ਸ੍ਰਾਵਕ ਤੇ ਸ੍ਰਾਵੀਕਾਵਾਂ ਨੂੰ ਸ਼ਾਸਤਰ ਪੜਾਉਣਾ ਹੈ। ਉਪਾਧੀਆ ਸ੍ਰੀ ਸੰਘ ਦਾ ਸਿਖਿਆ ਮੰਤਰੀ ਹੁੰਦਾ ਹੈ।

## ਉਪਾਧਿਆ ਦਾ ਕਰਤਵ

ਉਪਾਧਿਆ ਦਾ ਪ੍ਰਮੁਖ ਕਰਤੱਵ ਹੈ ਕਿ ਉਹ ਸਾਧੂ, ਸਾਧਵੀ ਨੂੰ ਵਿਧੀ ਅਨੁਸਾਰ ਸ਼ਾਸਤਰਾਂ ਦਾ ਅਧਿਐਨ ਕਰਾਉਂਦੇ ਹਨ। ਆਚਾਰੀਆ ਤੇ ਉਪਾਧੀਆ ਸ੍ਰੀ ਸੰਘ ਨੂੰ ਸੂਤਰਾਂ ਦਾ ਗਿਆਨ ਦਿੰਦੇ ਆਪ ਤੈਰਦੇ ਹਨ, ਹੋਰਾਂ ਨੂੰ ਸੰਸਾਰ ਸਾਗਰ ਪਾਰ ਹੋਣ ਵਿਚ ਸਹਾਇਕ ਬਣਦੇ ਹਨ।

## ਉਪਾਧੀਆ ਦੇ ਗੁਣ

ਉਪਾਧੀਆ ਦੇ 25 ਗੁਣ ਪ੍ਰਾਚੀਨ ਗ੍ਰੰਥਕਾਰਾਂ ਨੇ ਫੁਰਮਾਏ ਹਨ :

[1 ਤੋਂ 12] ਬਾਰ੍ਹਾਂ ਅੰਗਾਂ ਦਾ ਜਾਨਕਾਰ[1] [13-14] ਚਰਨ ਸਪਤਤੀ ਅਤੇ ਕਰਨ ਸਮਤਤੀ [15-22] ਅਠ ਪ੍ਰਕਾਰ ਦੀ ਪ੍ਰਭਾਵਨਾ (ਪ੍ਰਚਾਰ) ਨਾਲ ਧਰਮ ਨੂੰ ਵਧਾਉਣ ਵਾਲਾ [23-25] ਮਨ, ਬਚਨ ਅਤੇ ਕਾਇਆ (ਸਰੀਰ) ਯੋਗ ਨੂੰ ਵਸ ਵਿਚ ਕਰਨ ਵਾਲਾ।

ਬਾਰ੍ਹਾਂ ਅੰਗਾਂ ਦੇ ਨਾਂ :

1] ਅਚਾਰੰਗ 2] ਸੂਤਰ ਕ੍ਰਿਤਾਂਗ 3] ਸਥਾਨੰਗ 4] ਸਮਵਾਯੰਗ 5] ਭਗਵਤੀ 6] ਗਿਆਤਾ ਧਰਮ ਕਥਾਂਗ 7] ਉਪਾਸਕ ਦਸਾਂਗ 8] ਅੰਤਕ੍ਰਿਤ ਦਸ਼ਾਂਗ 9] ਅਨਤਰੋਪਾਤਿਕ 10] ਪ੍ਰਸ਼ਨ ਵਿਆਕਰਨ 11] ਵਿਪਾਕ ਸੂਤਰ 12] ਦ੍ਰਿਸ਼ਟੀਵਾਦ

---

1. ਵਾਰਵਾ ਦ੍ਰਿਸ਼ਟੀ ਵਾਦ ਅੱਜ ਕਲ ਨਹੀਂ ਮਿਲਦਾ। ਇਸ ਦਾ ਵਿਸ਼ਾ ਵਸਤੂ ਨੰਦੀ ਸੂਤਰ ਵਿਚ ਦਰਜ ਹੈ। ਦਿਗੰਬਰ ਜੈਨ, ਇਨ੍ਹਾਂ ਗ੍ਰੰਥਾਂ ਦੇ ਨਾਵਾਂ ਨੂੰ ਮੰਨਦੇ ਹਨ ਇਨ੍ਹਾਂ ਵਿਚ ਦਰਜ ਉਪਦੇਸ਼ਾ ਨੂੰ ਨਹੀਂ। ਦਿਗਵੰਰ ਆਗਮਾ ਦੀ ਤਰ੍ਹਾਂ ਦਿਗੰਬਰ ਆਚਾਰੀਆ ਕੁੰਦ ਕੁੰਦ, ਅਕਲਕ ਆਦਿ ਲਿਖੇ ਗ੍ਰੰਥਾਂ ਨੂੰ ਆਗਮਾ ਦੀ ਤਰ੍ਹਾਂ ਮੰਨਦੇ ਹਨ। ਦੋਹਾਂ ਪਰੰਪਰਾ ਵਿਚ ਦਾਰਸ਼ਨਿਕ ਪਰੰਪਰਾ ਵਲੋਂ ਖਾਸ ਮਤਭੇਦ ਨਹੀਂ। ਪ੍ਰੰਪਰਾ ਪਖੋਂ ਕੁਝ ਮੱਤ ਭੇਦ ਹਨ।

## ਕਰਨ ਸਪਤਤੀ/ਚਰਨ ਸਪਤਤੀ

ਕਰਨ ਤੋਂ ਭਾਵ ਹੈ ਜੋ ਕੰਮ ਜਦ ਕਰਨ ਦਾ ਅਵਸਰ ਹੋਵੇ ਉਸਨੂੰ ਕਰਨਾ। ਕਰਨ 70 ਪ੍ਰਕਾਰ ਦਾ ਹੈ।

ਚਰਨ ਤੋਂ ਭਾਵ ਚਰਿੱਤਰ ਹੈ। ਚਰਨ ਤੇ ਕਰਨ ਵਿਚ ਇਹੋ ਭੇਦ ਹੈ ਕਿ ਜਿਸ ਦਾ ਹਰ ਰੋਜ ਆਚਰਨ ਕੀਤਾ ਜਾਵੇ ਉਹ ਚਰਨ ਹੈ ਅਤੇ ਜਿਸ ਦਾ ਕਿਸੇ ਖਾਸ ਮੌਕੇ ਤੇ ਪ੍ਰਯੋਗ ਕੀਤਾ ਜਾਵੇ ਅਤੇ ਨਾ ਮੌਕਾ ਹੋਣ ਤੇ ਛਡ ਦਿਤਾ ਜਾਵੇ ਉਹ ਕਰਨ ਹੈ। ਚਰਨ ਦੀ ਤਰ੍ਹਾਂ, ਕਰਨ ਵੀ 70 ਪ੍ਰਕਾਰ ਦਾ ਹੈ।

## ਅਠ ਪ੍ਰਕਾਰ ਦੀ ਪ੍ਰਭਾਵਨਾ

1] ਪ੍ਰਵਚਨ ਪ੍ਰਭਾਵਨਾ :—ਉਪਾਧੀਆ ਜੀ ਆਪਣੇ ਭਾਸ਼ਨ ਰਾਹੀਂ ਧਰਮ ਦਾ ਪ੍ਰਚਾਰ ਪ੍ਰਸਾਰ ਆਮ ਲੋਕਾਂ ਤਕ ਕਰਦੇ ਹਨ।

2] ਧਰਮ ਕਥਾ ਪ੍ਰਭਾਵਨਾ :—ਉਪਾਧੀਆ ਧਾਰਮਿਕ ਕਥਾਵਾਂ ਰਾਹੀਂ ਧਰਮ ਪ੍ਰਚਾਰ ਕਰਦੇ ਹਨ। ਧਰਮ ਕਥਾ 4 ਪ੍ਰਕਾਰ ਦੀ ਹੈ।

ੳ] ਆਕਸ਼ੇਪਨੀ :—ਕਿਸੇ ਵਿਸ਼ੇ ਤੇ ਤਰਕ ਸੰਗਤ ਸੁੰਦਰ ਕਥਨ ਕਰਨਾ, ਜਿਸ ਨਾਲ ਸੁਨਣ ਵਾਲਾ ਰੁਚੀ ਪ੍ਰਾਪਤ ਕਰੇ।

ਅ] ਵਿਕਸ਼ੇਪਨੀ—ਭੈੜੇ ਮਾਰਗ ਤੋਂ ਚੰਗੇ ਮਾਰਗ ਤੇ ਲੈ ਆਉਣ ਵਾਲਾ ਉਪਦੇਸ਼ ਧਰਮ ਕਥਾ ਹੈ।

ੲ] ਸੰਵੇਗਨੀ :—ਜਿਸ ਕਥਾ ਨਾਲ ਦਿਲ ਵਿਚ ਵੈਰਾਗ ਉਤਪੰਨ ਹੋਵੇ।

ਸ] ਨਿਰਵੇਦਨੀ :—ਜਿਸ ਕਥਾ ਨੂੰ ਸੁਣ ਕੇ ਸਰੋਤਾ ਪਾਪ ਕਰਮਾਂ ਤੋਂ ਪਰੇ ਹੋ ਜਾਵੇ।

3) ਵਾਦ ਪ੍ਰਭਾਵਨਾ :—ਉਪਾਧੀਆ ਧਰਮ ਦੀ ਆਲੋਚਨਾ ਕਰਨ ਵਾਲਿਆਂ ਤੋਂ ਉਪਾਸਕ ਨੂੰ ਸੱਚ ਤੇ ਝੂਠ ਦਾ ਭੇਦ ਸਮਝਾ ਕੇ ਧਰਮ ਵਿਚ ਜੋ ਸਥਿਰ ਕਰਦੇ ਹਨ ਉਹ ਵਾਦ ਪ੍ਰਭਾਵਨਾ ਹੈ। ਜਾਂ ਵਾਦ ਵਿਵਾਦ ਰਾਹੀਂ ਆਪਣੇ ਮੱਤ ਦੀ ਸਚਾਈ ਪ੍ਰਗਟ ਕਰਨਾ ਇਸ ਵਿਚ ਸ਼ਾਮਲ ਹੈ।

4) ਜੋ ਤ੍ਰਿਕਾਲ ਗਿਆਨ ਪ੍ਰਭਾਵਨਾ :—ਜੈਨ ਸ਼ਾਸਤਰਾ ਅਨੁਸਾਰ ਭੂਗੋਲ, ਖਗੋਲ, ਜੋਤਿਸ਼, ਆਦਿ ਦੇ ਗਿਆਨ ਰਾਹੀਂ ਧਰਮ ਸੰਬੰਧੀ ਮਾਨਤਾਵਾਂ ਲੋਕਾਂ ਨੂੰ ਸਮਝਾਉਂਦੇ ਹਨ। ਧਰਮ ਤੇ ਆਉਣ ਵਾਲੇ ਕਸ਼ਟ ਤੋਂ ਲੋਕਾਂ ਨੂੰ ਸਾਵਧਾਨ ਕਰਨਾ ਇਸ ਵਿਚ ਸ਼ਾਮਲ ਹੈ।

5) ਤਪ ਪ੍ਰਭਾਵਨਾ :—ਅੰਹਕਾਰ ਦੀ ਭਾਵਨਾ ਤਿਆਗ ਕੇ ਉਪਾਧੀਆ ਖੁਦ ਤੱਪ ਕਰਦੇ ਹਨ ਅਤੇ ਧਰਮ ਪ੍ਰਸਾਰ ਲਈ ਲੋਕਾਂ ਨੂੰ ਅਜਿਹਾ ਕਰਨ ਦਾ ਉਪਦੇਸ਼ ਦਿੰਦੇ ਹਨ।

6) ਵਰਤ ਪ੍ਰਭਾਵਨਾ—ਚਿਕਨਾਹਟ ਵਾਲੇ ਪਦਾਰਥਾਂ ਦੇ ਤਿਆਗ, ਘੱਟ ਸਮਾਨ, ਮੋਨ ਵਰਤ, ਕਠੋਰ ਅਭਿਗ੍ਰਹਿ (ਗੁਪਤ ਪ੍ਰਤਿਗਿਆ ਵਾਲਾ ਤੱਪ) ਕਾਯੋਤਸਗ,

ਤਸਰਾ ਸਮਾਧੀ, ਇੰਦਰੀਆਂ ਤੇ ਕਾਬੂ ਪਾਉਣ ਦੀ ਸਾਧਨਾ ਆਦਿ ਕ੍ਰਿਆਵਾਂ ਨਾਲ ਧਰਮ ਦਾ ਪ੍ਰਚਾਰ ਪ੍ਰਸਾਰ ਕਰਦੇ ਹਨ।

7) ਵਿਦਿਆ ਪ੍ਰਭਾਵਨਾ :—ਉਪਾਧੀਆ ਲਈ ਜਰੂਰੀ ਹੈ ਕਿ ਉਹ ਵਿਦਿਆਵਾਂ ਵਿਚ ਪ੍ਰਵੀਨ ਹੋਵੈ। ਜੰਤਰ ਮੰਤਰ ਸਾਧਨਾ ਜਾਣਦਾ ਹੋਵੇ। ਪਰ ਉਹ ਇਨਾਂ ਵਿਦਿਆਵਾਂ ਦਾ ਪ੍ਰਯੋਗ ਧਰਮ ਸੰਕਟ ਵੇਲੇ ਹੀ ਕਰ ਸਕਦਾ ਹੈ ਸੰਸਾਰ ਦੇ ਕੰਮ ਕਾਜ ਲਈ ਨਹੀਂ ਸੋ ਉਪਾਧੀਆ ਧਰਮ ਸੰਕਟ ਸਮੇਂ ਧਰਮ ਨੂੰ ਵਿਦਿਆ ਰਾਹੀਂ ਬਚਾ ਕੇ ਧਰਮ ਪ੍ਰਚਾਰ ਕਰਦੇ ਰਹੇ ਹਨ।

8) ਕਵਿਤਤੱਵ ਭਾਵਨਾ :—ਉਪਾਧੀਆ ਆਮ ਲੋਕਾ ਦਾ ਸਮਝ ਪਾਉਣ ਵਾਲੀ ਕਵਿਤਾ ਰਾਹੀਂ ਧਰਮ ਸਿਧਾਂਤ ਲੋਕਾਂ ਨੂੰ ਸਮਝਾ ਕੇ ਧਰਮ ਪ੍ਰਚਾਰ ਕਰੇ।

# ਸਾਧੂ

ਸਾਧੂ ਨੂੰ ਜੈਨ ਗ੍ਰੰਥਾਂ ਵਿਚ ਯਤੀ, ਨਿਰਗ੍ਰੰਥ, ਅਨਗਾਰ, ਮੁਨੀ ਅਤੇ ਭਿਖਸ਼ੂ ਆਦਿ ਸ਼ਬਦਾ ਨਾਲ ਯਾਦ ਕੀਤਾ ਗਿਆ ਹੈ। ਇਹ ਸਾਰੇ ਸ਼ਬਦ ਸਾਧੂ ਪਦਵੀ ਦੇ ਗੁਣਾ ਦੇ ਪ੍ਰਤੀਕ ਹਨ। ਸਾਧੂ ਜੀਵਨ ਮੁਕਤੀ ਰੂਪੀ ਰਾਹ ਤੇ ਚਲਣ ਲਈ ਪਹਿਲਾਂ ਕਦਮ ਹੈ। ਫੇਰ ਵੀ ਸਾਧੂ ਦੇ 27 ਗੁਣ ਆਖੇ ਗਏ ਹਨ।

## ਸਾਧੂ ਦੀਖਿਆ ਦੀ ਪ੍ਰਤਿਗਿਆ

ਹੇ ਭਗਵਾਨ ਮੈਂ ਸਮਾਇਕ ਕਰਦਾ ਹਾਂ ਸਾਰੇ ਸਾਵਦਯ (ਪਾਪਕਾਰੀ) ਯੋਗ (ਮਨ, ਵਚਨ, ਕਾਇਆ) ਦਾ ਪ੍ਰਤਿਖਿਆਨ (ਪਛਖਾਨ ਦਾ ਤਿਆਗ) ਕਰਦਾ ਹਾਂ ਸਾਰੀ ਜ਼ਿੰਦਗੀ ਮੈਂ ਤਿੰਨ ਯੋਗ ਰਾਹੀਂ ਨਾ ਖੁਦ ਪਾਪ ਕਰਾਂਗਾ ਨਾ ਕਰਵਾਂਗਾ, ਨਾ ਕਰਦੇ ਨੂੰ ਚੰਗਾ ਜਾਨਗਾ ਭੂਤਕਾਲ ਵਿਚ ਜੋ ਵੀ ਪਾਪ ਕਰਮ ਕੀਤੇ ਹਨ ਉਨ੍ਹਾਂ ਦਾ ਪ੍ਰਤਿਕ੍ਰਮਨ (ਪਿਛੇ ਹੱਟਦਾ ਹਾਂ) ਕਰਦਾ ਹਾਂ। ਉਨ੍ਹਾਂ ਦੀ ਨਿੰਦਾ ਕਰਦਾ ਹਾਂ। ਗੁਰੂ ਸਾਖੀ ਨਾਲ ਉਨ੍ਹਾਂ ਦੀ ਗ੍ਰਹਿ ਕਰਦਾ ਹਾਂ ਮੈਂ ਦੂਸ਼ੀਤ ਆਤਮਾ ਦਾ ਤਿਆਗ ਕਰਦਾ ਹਾਂ। ਉਨਾਂ ਮੈਲੀਆਂ ਵਿਰਤੀਆਂ ਤੇ ਆਤਮਾ ਨੂੰ ਮੁਕਤ ਕਰਦਾ ਹਾਂ।

5 ਮਹਾਵਹਰਤ ਅਤੇ ਰਾਤਰੀ ਭੋਜਨ ਦਾ ਤਿਆਗ 5 ਇੰਦਰੀਆਂ ਨੂੰ ਵਸ ਵਿਚ ਕਰਨ ਵਾਲਾ ਤਿੰਨ ਪ੍ਰਕਾਰ ਦੇ ਸੱਚ ਦਾ ਧਾਰਕ 6 ਪ੍ਰਕਾਰ ਦੇ ਜੀਵਾਂ ਦਾ ਰਖਿਅਕ, ਮਰਨ ਸਮੇਂ ਸਮਾਧੀ ਧਾਰਨ ਕਰਨ ਵਾਲਾ।

## ਸਾਧੂ ਦੇ 27 ਗੁਣ

ਤੀਰਥੰਕਰਾ ਨੇ ਸਾਧੂ ਦੇ 27 ਗੁਣ ਦਸੇ ਹਨ ਜੋ ਇਸ ਪ੍ਰਕਾਰ ਹਨ :

1-5 ਪੰਜ ਮਹਾਂਵਰਤ ਸਾਧੂ ਅਹਿੰਸਾ, ਸੱਚ. ਚੋਰੀ ਤਿਆਗ, ਬ੍ਰਹਮਚਰਜ ਤੇ ਅਪਾਰਿਗ੍ਰਹਿ ਦਾ ਮਨ, ਵਚਨ ਤੇ ਕਾਈਆ ਪਖੋਂ ਤਿੰਨ ਕਰਨ ਤੇ ਤਿੰਨ ਯੋਗ ਨਾਲ ਜਿੰਦਗੀ ਭਰ ਪਾਲਨ ਕਰਦੇ ਹਨ।

6-10 ਪੰਜ ਇੰਦਰੀਆਂ ਨਿਗ੍ਰਹਿ :—ਨਿਗ੍ਰਹਿ ਤੋਂ ਭਾਵ ਵਿਸ਼ੇ ਵਾਸਨਾਵਾਂ ਤੋਂ ਇੰਦਰੀਆਂ ਨੂੰ ਬਚਾਉਨਾ ਜੋ ਪੰਜ ਹਨ (1) ਕੰਨ (2) ਅੱਖ (3) ਨੱਕ (4) ਜੀਭ (5) ਸਪਰਸ਼।

11-14 ਚਾਰ ਕਸ਼ਾਏ ਤੇ ਕਾਬੂ ਕਰਨਾ ਸਾਧੂ ਲਈ ਜ਼ਰੂਰੀ ਹੈ। ਇਸ ਕਾਬੂ ਕਰਨ ਦੀ ਭਾਵਨਾ ਨੂੰ ਵਿਵੇਕ ਵੀ ਆਖਦੇ ਹਨ ਇਹ ਚਾਰ ਹਨ (1) ਕਰੋਧ (2) ਮਾਨ (3)

ਮਾਇਆ (4) ਲੋਭ।

15 ਭਾਵ ਸੱਤ :-ਅੰਤਕਰਨ ਤੋਂ ਭੈੜੇ ਭਾਵ (ਆਸ਼ਰਵ) ਨੂੰ ਹਟਾਕੇ ਨਿਰਮਲ ਆਤਮਾ ਰਾਹੀ ਧਰਮ ਧਿਆਨ ਤੇ ਸ਼ੁਕਲ ਧਿਆਨ ਰਾਹੀਂ ਸ਼ੁਧ ਭਾਵ ਪੈਦਾ ਕਰਨਾ ਹੀ ਭਾਵ ਸੱਤ ਹੈ ਇਸ ਰਾਹੀਂ ਆਤਮਾ-ਪਰਮਾਤਮਾ ਬਣਦੀ ਹੈ।

16 ਕਰਨ ਸੱਤ :-ਭਾਵ ਸੱਤ ਦੀ ਸਿਧੀ ਲਈ ਕਰਨ ਸੱਤ ਜ਼ਰੂਰੀ ਹੈ ਕਿਉਂਕਿ ਜਦੋਂ ਰੋਜ਼ਾਨਾ ਧਾਰਮਿਕ ਕ੍ਰਿਆਵਾ ਸੱਚ ਤੇ ਅਧਾਰਿਤ ਹੋਣ ਤਾਂ ਹੀ ਭਾਵ ਸੱਤ ਟਿਕੇਗਾ ਅਤੇ ਜੀਵਨ ਦਾ ਆਂਖਰੀ ਨਿਸ਼ਾਨਾ ਨਿਰਵਾਨ, ਮੋਕਸ਼. ਸਿਧ ਜਾਂ ਪ੍ਰਮਾਤਮਾ ਅਵਸਥਾ ਮਿਲੇਗੀ।

ਸਾਧੂ ਲਈ ਜ਼ਰੂਰੀ ਹੈ ਕਿ ਉਹ ਗ੍ਰੰਥਾਂ ਦਾ ਸਵਾਧਿਆਏ ਸ਼ਾਸਤਰ ਵਿਚ ਆਖੇ ਦੋਸ਼ ਟਾਲ ਕੇ ਕਰੇ। ਸ਼੍ਰੀ ਸਥਾਨੰਗ ਸੂਤਰ ਵਿਚ 32 ਦੋਸ਼ ਦਸੇ ਗਏ ਹਨ।

## ਅਕਾਸ਼ ਸੰਕਧੀ

(1) ਉਲਕਾਪਾਤ (2) ਦਿਗਦਾਹ (3) ਗਰਜਿਤ (4) ਬਿਜਲੀ (5) ਨਿਰ-ਘਾਤ (ਬਿਨਾਂ ਬਿਜਲੀ ਬਦਲਾਂ ਦੇ ਵਿਅੰਤਰ ਸ਼ਕਲ ਬਣ ਜਾਣਾ) (6) ਯੁਪਕ (ਸ਼ੁਕਲ ਪਖ ਦੀ ਪ੍ਰਤਿਪਦਾ, ਦੂਸਰੀ ਤੀਸਰੀ ਸੰਖਿਆ ਦੀ ਪ੍ਰਭਾ ਅਤੇ ਚੰਦਰ ਪ੍ਰਭਾ ਦਾ ਮਿਲਨ ਯੁਪਕ ਹੈ (7) ਯਕਸ਼ ਦੀਪਤੀ (ਬਿਜਲੀ ਵਰਗੀ ਚਮਕ) (8) ਧੂਮਿਕਾ (9) ਮਹਿਕ (ਠੰਡ ਵਿਚ ਸਵੇਰ ਔਸ ਪਵੇ) 10 ਰਜ ਉਦਘਾਤ (ਅਕਾਲ ਦੇ ਚਹੁ ਪਾਸੇ ਬਦਲ ਹੋਣ। ਇਨ੍ਹਾਂ ਹਾਲਤ ਵਿਚ ਇਕ ਪਹਿਰ ਸ਼ਾਸਤਰਾਂ ਦਾ ਪਾਠ ਮਨਾ ਹੈ।

## ਸ਼ਰੀਰ ਸੰਬਧੀ

11-13 ਹੱਡੀ, ਮਾਸ, ਖੂਨ ਜੋ 100 ਹੱਥ ਤੋਂ ਲੈ ਕੇ 600 ਹੱਥ ਦੇ ਅੰਦਰ ਹੋਵੇ ਤਾਂ ਇਕ ਅਹੋਰਾਤਰ ਤਕ, ਇਸਤਰੀਆਂ ਦੇ ਮਾਸਿਕ ਧਰਮ ਦੀ ਸਥਿਤੀ ਵਿਚ ਤਿੰਨ ਦਿਨ ਤਕ ਅਤੇ ਬੱਚੇ ਦੇ ਜਨਮ ਸਮੇਂ 7-8 ਦਿਨ ਸ਼ਾਸਤਰਾ ਦਾ ਪਾਠ ਮਨਾ ਹੈ।

(14) ਅਸ਼ੁਚੀ (ਸ਼ਾਸਤਰ ਪਾਠ ਵਾਲੀ ਜਗ੍ਹਾ ਟਟੀ ਪਿਸ਼ਾਬ ਆਵੇ ਜਾਂ ਬਦਬੂ ਨਜਰ ਆਵੇ ਤਦ ਤਕ ਪਾਠ ਮਨਾ ਹੈ(15)ਸ਼ਮਸਾਨ ਦੇ ਚਾਰੇ ਪਾਸੇ ਸੌ-ਸੌ ਹੱਥ ਜਗਾ ਛੱਡਕੇ ਸਾਸ਼-ਤਰ ਨਹੀਂ ਪੜਨਾ। (16) ਚੰਦਰ ਗ੍ਰਹਿਣ : (ਘਟੋ ਘਟ 8 ਪੇਹਰ ਜ਼ਿਆਦਾ ਤੋਂ ਜਿਆਦਾ 12 ਪੇਹਰ ਤਕ ਅਸਵਾਧਿਐ ਕਾਲ ਹੈ। (17) ਸੂਰਜ ਗ੍ਰਹਿਣ (ਘਟੋ ਘਟ 12 ਅਤੇ ਵਧ ਤੋਂ ਵਧ 16 ਪੇਹਰ ਸ਼ਾਸਤਰ ਪੜਨਾ ਮਨਾ ਹੈ। (18) ਪਤਨ-ਰਾਜਾ ਦੀ ਮੌਤ ਹੋਣ ਤੇ ਨਵਾਂ ਰਾਜਾ ਬਨਣ ਤਕ ਸ਼ਾਸਤਰ ਪੜਨਾ ਮਨਾ ਹੈ ਅਤੇ ਧਰਮ ਸਥਾਨ ਦੇ ਆਸ ਪਾਸ 7 ਘਰਾਂ ਵਿਚ ਮੌਤ ਹੋਣ ਤੇ ਇਕ ਦਿਨ ਰਾਤ ਸ਼ਾਸਤਰ ਪੜਨਾ ਮਨਾ ਹੈ।

(19) ਰਾਂਜ-ਵਿਯੁਦ ਗ੍ਰਹਿ : ਰਾਜ ਵਿਚ ਜੇ ਲੜਾਈ ਛਿੜ ਜਾਵੇ ਤਾਂ ਲੜਾਈ ਖਤਮ ਹੋਣ ਤੋਂ ਬਾਅਦ ਇਕ ਅਹੋ ਰਾਤਰੀ ਟਾਲਕੇ ਸ਼ਾਸਤਰ ਪੜਨਾ ਨਹੀਂ ਚਾਹੀਦਾ ਹੈ।

(20) ਔਦਾਰਿਕ ਸ਼ਰੀਰ (ਧਰਮ ਸਥਾਨ ਵਿਚ ਮਨੁਖ, ਪਸ਼ੂ ਜਾਂ ਹੋਰ ਨਿਰਜੀਵ ਸ਼ਰੀਰ ਪਿਆ ਹੈ ਤਾਂ 100 ਹੱਥ ਤਕ ਜਗ੍ਹਾ ਸ਼ਾਸਤਰ ਨਹੀਂ ਪੜਨਾ ।

(21-28) ਚਾਰ ਮਹੋਤਸਵ ਮਹਾਪ੍ਰਤਿਭਾ :—ਹਾੜ, ਸਾਵਣ, ਕੱਤਕ ਤੇ ਚੇਤਰ ਪੂਰਨ-ਮਾਸ਼ੀ ਮਹਤੋਸਵ ਹਨ ਅਤੇ ਇਨ੍ਹਾਂ ਤੋਂ ਬਾਅਦ ਆਉਣ ਵਾਲੀ ਪੂਰਨਮਾਸੀ ਮਹਾਂਪ੍ਰਤਿਪਦਾ ਹਨ । ਇਨ੍ਹਾਂ ਵਿਚ ਸ਼ਾਸਤਰ ਨਾ ਪੜਨਾ ।

(29-32) ਸਵੇਰੇ, ਦੁਪਹਿਰੇ, ਸ਼ਾਮ, ਅੱਧੀ ਰਾਤ—ਇਹ ਚਾਰ ਸੰਧਿਆ ਕਾਲ ਹਨ ਇਨ੍ਹਾਂ ਵਿਚ ਦੋ ਘੜੀ ਤਕ ਸਵਾਧਿਐ ਨਾਂ ਕਰਨਾ (ਖ) ਕਈ ਅਚਾਰਿਆ ਤਾਰਾ ਟੁਟਨ ਅਤੇ ਰਾਤ ਦੀ ਲਾਲ ਦਿਸ਼ਾ ਵਿਚ ਇਕ ਪੋਹਰ ਤਕ ਸਵਾਧਿਆ ਕਰਨਾ ਮੰਨਦੇ ਹਨ ।

ਇਹ ਕਾਲ ਦੀ ਮਨਾਹੀ ਦਾ ਪ੍ਰਮੁਖ ਕਾਰਨ ਹੈ ਕਿ ਇਨ੍ਹਾਂ ਹਾਲਤਾ ਸਥਿਤੀਆਂ ਵਿਚ ਸਾਧੂ ਦੀ ਮਨੋ-ਵਿਰਤੀ ਸਵਾਧਿਐ ਤੋਂ ਟੁਟ ਸਕਦੀ ਹੈ । ਸਾਧੂ ਸਵਾਧਿਐ ਰੁਪੀ ਰੁੱਖ ਤੋਂ ਤੱਪ ਦਾ ਉਹ ਫੱਲ ਪ੍ਰਾਪਤ ਨਹੀਂ ਕਰ ਸਕਦਾ, ਜੋ ਉਹ ਕਰਨਾ ਚਾਹੁੰਦਾ ਹੈ । ਜੇ ਦੇਸ਼ ਜਾਂ ਮਨ ਵਿਚ ਅਸਾਂਤੀ ਹੋਵੇ ਤਾਂ ਧਰਮ ਧਿਆਨ ਕਿਵੇਂ ਹੋ ਸਕਦਾ ਹੈ ? ਸ਼ਰੀਰ ਠੀਕ ਨਾਂ ਹੋਵੇ ਤਾਂ ਵੀ ਧਰਮ ਧਿਆਨ ਅਸੰਭਵ ਹੈ ਅਤੇ ਸਮਾਧੀ ਵੀ ਅਸੰਭਵ ਹੈ ।

## 6 ਆਵਸ਼ਕ

(1) ਸਮਾਇਕ :—ਸਭ ਪ੍ਰਕਾਰ ਦੇ ਪਾਪਕਾਰੀ ਯੋਗਾਂ (ਕੰਮਾਂ) ਤੋਂ ਛੁਟਕਾਰਾਂ ਪਾਉਣ ਲਈ ਸਾਧੂ ਜੀਵਨ ਭਰ ਲਈ ਸਮਾਇਕ ਵਰਤ ਦਾ ਪਾਲਣ ਕਰਦਾ ਹੈ ।

(2) ਚੌਵਿਸੀ ਸਤਵਨ : ਨਿਰਵਾਨ ਨੂੰ ਪ੍ਰਾਪਤ 24 ਤੀਰਥੰਕਰ ਦੀ ਸਤੂਤੀ ਗੁਣਗਾਨ ਕਰਨਾ ਵੀ ਸਾਧੂ ਲਈ ਜ਼ਰੂਰੀ ਹੈ ਤਾਂ ਇਸ ਤੀਰਥੰਕਰਾਂ ਦੇ ਜੀਵਨ ਤੋਂ ਪ੍ਰੇਰਣਾ ਪਾ ਕੇ ਸਾਧੂ ਦੀ ਆਤਮਾ ਮੋਕਸ਼ ਦਾ ਮਾਰਗ ਪਛਾਨ ਸਕੇ ।

(3) ਬੰਦਨਾ ਸਮਭਾਵ ਵਿਚ ਸਥਿਤ ਹੋ ਕੇ ਅਰਿਹੰਤਾਂ ਸਿੱਧਾ ਜਾਂ ਗੁਰੂਆਂ ਨੂੰ ਬੰਦਨ ਕਰਨਾ ਹੀ ਬੰਦਨਾ ਆਵਸ਼ਕ ਹੈ ।

(4) ਪ੍ਰਤਿਕ੍ਰਮਨ :—ਜੇ ਆਤਮਾ ਸਮਭਾਵ ਤੋਂ ਗਿਰ ਜਾਵੇ ਤਾਂ ਉਸ ਦੀ ਆਲੋਚਨਾ, ਨਿੰਦਾ, ਪਸ਼ਚਾਤਾਪ, ਖਿਮਾ ਮੰਗਨ, ਅਤੇ ਪਹਿਲਾ ਵਾਲੀ ਹਾਲਤ ਵਿਚ ਆਤਮਾ ਨੂੰ ਸਥਿਤ ਕਰਨਾ ਪ੍ਰਤਿਕ੍ਰਮਨ ਹੈ ।

(5) ਕਾਯੋਤ ਸਰਗ : ਪ੍ਰਮਾਦ ਵਸ ਗਿਆਨ, ਦਰਸ਼ਨ, ਚਾਰਿਤਰ ਰੁਪੀ ਸਾਮਾਇਕ ਵਿਚ ਜੇ ਕੋਈ ਅਤਿਚਾਰ ਰਹਿ ਜਾਵੇ । ਤਾਂ ਕਾਯੋਤਸਰਗ ਰੂਪੀ ਅੰਦਰਲੇ ਤੱਪ ਰਾਹੀਂ ਆਤਮ ਸੁਧੀ ਕਰਨਾ ਸਾਧੂ ਲਈ ਜ਼ਰੂਰੀ ਹੈ । ਕਾਯੋਤਸਰਗ ਤੋਂ ਭਾਵ ਹੈ ਸ਼ਰੀਰ ਦਾ ਮੋਹ ਤਿਆਗਨਾ ।

(6) ਪ੍ਰਤਿ ਖਿਆਨ :—ਫੇਰ ਭਵਿਖ ਲਈ ਅਸ਼ੁਭ ਤੋਂ ਛੁਟਨਾ ਤੇ ਸ਼ੁਭ ਵਲ ਲਗਨ ਲਈ ਦਰਵ ਪਖੋਂ-ਅਨੰ ਵਸਤਰ ਆਦਿ ਦਾ, ਭਾਵ ਪਖੋਂ-ਅਗਿਆਨ ਮਿਥਿਆਤਵ, ਕਸ਼ਾਏ,

ਅਸੰਜਮ ਦਾ ਤਿਆਗ-ਖੰਡ ਪ੍ਰਤਿ ਗਿਆਨ ਕਰਨਾ ਤਪ, ਤਿਆਗ ਰਾਹੀਂ ਆਤਮ ਨੂੰ ਪ੍ਰਾਸ਼ਚਿਤ ਨਾਲ ਸੁਧ ਕਰਨਾ ਹੀ ਪ੍ਰਤਿਖਿਆਨ ਹੈ ।

## ਪ੍ਰਤੀਲੇਖਨਾ

ਸਾਧੂ ਲਈ ਜ਼ਰੂਰੀ ਹੈ ਕਿ ਉਹ ਹਰ ਵਸਤੂ ਦੇਖ ਭਾਲ ਕੇ ਗ੍ਰਹਿਣ ਕਰੇ ਇਸ ਨੂੰ ਪ੍ਰਤੀਲੇਖਨਾ ਆਖਦੇ ਹਨ। ਇਸ ਵਿਚ ਵਸਤੂ ਨੂੰ ਰਖਣ ਤੇ ਸਾਫ ਕਰਨ ਦੀ ਵਿਧੀ ਸ਼ਾਮਲ ਹੈ।

ਤੀਰਥੰਕਰ ਹਮੇਸ਼ਾ ਕਾਯੋਤਸਰਗ ਆਸਨ ਵਿਚ ਬੈਠਦੇ ਹਨ ਅਤੇ ਸਾਧੂ ਨੂੰ ਕਾਯੋਤ-ਸਰਗ ਦੇ 19 ਦੋਸ਼ ਜਾਨਣੇ ਜ਼ਰੂਰੀ ਹਨ।

## ਭੋਜਨ ਦਾ ਕਾਰਣ

ਸਾਧੂ ਪੁਰਸ਼ ਛੇ ਕਾਰਣਾਂ ਕਰਕੇ ਭੋਜਨ ਕਰਦੇ ਹਨ।

(1) ਵੇਦਨਾ (ਭੁੱਖ ਦੀ ਸਾਂਤੀ ਲਈ) (2) ਵੈਯਵਿਰਤ (ਸੇਵਾ ਕਰਨ ਲਈ) (3) ਈਰਿਆਪਥ (ਗਮਨ, ਆਗਮਨ ਦੀ ਸ਼ੁਧ ਪ੍ਰਰਵਿਰਤੀ ਲਈ) (4) ਸੰਜਮ (ਸੰਜਮ ਪਾਲਨ ਜਾਂ ਸੰਜਮ ਰਖਿਆ ਲਈ) (5) ਪ੍ਰਾਣ ਪ੍ਰਤਿਆਰਥ (ਪ੍ਰਾਣਾਂ ਦੀ ਰਖਿਆ ਲਈ (6) ਧਰਮ ਚਿੰਤਾ (ਸ਼ਾਸਤਰ ਪੜਨ ਤੇ ਧਰਮ ਚਿੰਤਨ) ਸ਼ਰੀਰ ਦੇ ਪਾਲਨ ਪੋਸ਼ਨ, ਸਿੰਗਾਰ ਲਈ ਸਾਧੂ ਗ੍ਰਹਿਣ ਨਹੀਂ ਕਰਦੇ। ਸਾਧੂ 6 ਕਾਰਣਾਂ ਹੋਣ ਤੇ ਭੋਜਨ ਤਿਆਂਗਦੇ ਹਨ (1) ਆਂਤਕ (ਭੈਅੰਕਰ ਰੋਗ ਆਉਣ ਤੇ) (2) ਉਪਸਰਗ (ਅਚਾਨਕ ਕਸ਼ਟ ਆਉਣ ਤੇ) (3) ਬ੍ਰਹਮਚਰਜ ਗੁਪਤਿ (ਬ੍ਰਹਮਚਰਜ ਦੀ ਰਖਿਆ ਲਈ) (4) ਪ੍ਰਾਣੀ ਦਿਆ (ਜੀਵਾਂ ਤੇ ਤਰਸ ਰਹਿਮ ਕਰਦੇ ਹੋਏ) (5) ਤਪ (ਤਪਸਿਆ ਕਾਰਣ) (6) ਸੰਲੇਖਨਾ (ਮਰਨ ਸਮਾਂ ਜਾਨ ਕੇ ਅਨਸ਼ਨ ਪੁਰਵਕ ਸਮਾਧੀ ਸਮੇਂ) ਸ੍ਰੀ ਉਤਰਾ ਧਿਆਨ ਸੂਤਰ ਅਨੁਸਾਰ ਸਾਧੂ 47 ਪ੍ਰਕਾਰ ਦੇ ਦੋਸ਼ਾਂ ਨੂੰ ਟਾਲਕੇ ਭੋਜਨ ਗ੍ਰਹਿਣ ਕਰੇ ਇਨ੍ਹਾਂ ਦੋਸ਼ਾਂ ਦਾ ਵਰਨਣ ਸ੍ਰੀ ਦਸ਼ਵੇਕਾਲਿਕ ਸੂਤਰ ਵਿਚ ਵੀ ਵਿਸਥਾਰ ਨਾਲ ਮਿਲਦਾ ਹੈ।

## 10 ਪ੍ਰਕਾਰ ਦੀ ਸਮਾਚਾਰੀ

1) ਆਵਸ਼ਕੀ :—ਸਾਧੂ ਨੂੰ ਜੇ ਕਿਤੇ ਬਾਹਰ ਜਾਣਾ ਪਵੇ ਤਾਂ ਗੁਰੂ ਨੂੰ ਦਸ ਕੇ ਜਾਣਾ।
2) ਨੈਸਿਧਕੀ :—ਆਪਣਾ ਕੰਮ ਪੂਰਾ ਕਰਕੇ ਸੂਚਨਾ ਦੇਣਾ।
3) ਆਪ੍ਰਿਛਨਾ :—ਆਪਣੇ ਕੰਮ ਲਈ ਗੁਰੂ ਤੋਂ ਆਗਿਆ ਲੈਣੀ।
4) ਪ੍ਰਤਿਪ੍ਰਿਛਨਾ :—ਦੂਸਰੇ ਦੇ ਕੰਮ ਲਈ ਗੁਰੂ ਤੋਂ ਆਗਿਆ ਲੈਣੀ।
5) ਛੰਦਨਾ :—ਪਹਿਲਾ ਇਕਠੇ ਦਰਵਾ ਵਸਤਾਂ ਵਾਸਤੇ ਗੁਰੂ ਨੂੰ ਬੇਨਤੀ ਕਰਨਾ :
6) ਇੱਛਾਕਾਰ :—ਦੂਸਰੇ ਦੇ ਕੰਮ ਵਿਚ ਸਹਿਜ ਰੁਚੀ ਲੈਣਾ, ਆਪਣੇ ਕੰਮ ਲਈ ਵੀ, ਦੂਸਰੇ ਦੀ ਇੱਛਾ ਅਨੁਸਾਰ ਦੂਸਰੇ ਨੂੰ ਬੇਨਤੀ ਕਰਨਾ।
7) ਮਿਥਿਆਕਾਰ :—ਦੋਸ਼ ਲਗ ਜਾਣ ਤੇ ਮਿਛਾਮਿ ਦੁਕੱੜਮ ਆਖਣਾ ਅਤੇ ਆਖ ਕੇ

ਆਤਮ ਨਿੰਦਾ ਕਰਨਾ ।

8) ਤਥਾਕਾਰ :—ਗੁਰੂ ਦੇ ਉਪਦੇਸ਼ ਨੂੰ ਸਤ ਵਚਨ ਆਖ ਕੇ ਸਤਿਕਾਰ ਕਰਨਾ ।

9) ਅਵਿਯੁਥਾਨ :—ਗੁਰੂ ਦੀ ਪੂਜਾ ਸਤਿਕਾਰ ਵਜੋਂ ਆਪਣਾ ਆਸ਼ਨ ਕਰ ਕੇ ਖੜੇ ਹੋ ਜਾਣਾ ।

10) ਉਪਸੰਪਦਾ :—ਕਿਸੇ ਖਾਸ ਕੰਬ ਲਈ ਆਚਾਰੀਆ ਦੇ ਪਾਸ ਰਹਿਣਾ ।

ਇਨ੍ਹਾਂ ਸਮਾਚਾਰੀ ਕ੍ਰਿਆਵਾ ਦਾ ਸਮਿਅਕ (ਠੀਕ) ਢੰਗ ਨਾਲ ਪਾਲਣ ਕਰਨਾ ਸਾਧੂ ਜੀਵਨ ਦਾ ਅੰਗ ਹੈ ।

## 17 ਪ੍ਰਕਾਰ ਦਾ ਸੰਜਮ

ਸਾਧੂ ਹਿੰਸਾ ਆਦਿ 5 ਪਾਪ (ਆਸ਼ਰਵ), ਪੰਜ ਇੰਦਰੀਆਂ ਤੇ ਕਾਬੂ ਕਰਕੇ, ਚਾਰ ਕਸ਼ਾਏ ਜਿਤ ਕੇ, ਤਿੰਨ ਦੰਡ (ਮਨ, ਵਚਨ ਤੇ ਕਾਈਆ) ਰਾਹੀਂ 17 ਪ੍ਰਕਾਰ ਦਾ ਸੰਜਮ ਪਾਲਦੇ ਹਨ ।

## 12 ਅਨੁਪਰੇਕਸ਼ਾਵਾਂ

ਕਰਨ ਸਪਤਤੀ ਵਿਚ ਬਾਰ੍ਹਾਂ ਭਾਵਨਾਵਾਂ ਹਨ ਜੋ ਸਮਿਅਕ ਗਿਆਨ, ਸਮਿਅਕ ਦਰਸ਼ਨ, ਸਮਿਅਕ ਚਰਿੱਤਰ ਰੂਪੀ ਤਿੰਨ ਰਤਨਾ ਨੂੰ ਸਥਿਰ ਕਰਦੀਆਂ ਹਨ । ਇਨ੍ਹਾਂ ਬਾਰ੍ਹਾਂ ਭਾਵਨਾਵਾਂ ਦਾ ਹਰ ਸਾਧੂ ਸਾਧਵੀ ਨੂੰ ਡੂੰਗਾਂ ਚਿੰਤਨ ਕਰਨਾ ਚਾਹੀਦਾ ਹੈ । ਅਜੇਹੇ ਚਿੰਤਨ ਨਾਲ ਰਾਗ ਦਵੇਸ਼ ਦੀ ਵਿਰਤੀ ਰੁਕ ਜਾਂਦੀ ਹੈ । ਇਹ ਭਾਵਨਾਵਾਂ, ਰੁਚੀ, ਉਤਸ਼ਾਹ, ਸ਼ਰਧਾ ਤੇ ਵੈਰਾਗ ਭਾਵ ਨਾਲ ਕਰਨੀਆਂ ਚਾਹੀਦੀਆਂ ਹਨ । ਇਨ੍ਹਾ ਦਾ ਭਾਵ ਇਸ ਪ੍ਰਕਾਰ ਹੈ

1) ਅਨਿਤਯਾਨੁ ਪਰੇਕਸ਼ਾ : ਸਰੀਰ, ਘਰ ਬਾਰ ਸਭ ਕੁਝ ਅਸਥਿਰ ਹੈ ਫੇਰ ਆਤਮਾ ਇਸ ਵਿਚ ਉਲਝ ਕੇ ਕਿਉਂ ਪਾਪ ਕਰੇ ?ਇਹ ਭਾਵ ਆਤਮਾ ਵਿਚ ਸਥਿਰ ਕਰਨਾ ।

2) ਅਸ਼ਰਨ ਭਾਵ ਪਰੇਕਸ਼ਾ : ਸੱਚੇ ਵੀਤਰਾਗੀ ਪੁਰਸ਼ਾ ਦੇ ਧਰਮ ਤੋਂ ਛੁਟ ਸੰਸਾਰ ਦੇ ਜੀਵ ਆਤਮਾ ਦਾ ਕੋਈ ਸ਼ਰਨ ਜਾਂ ਆਸਰਾ ਨਹੀਂ ।

3) ਸੰਸਾਰਨੁ ਪਰੇਕਸ਼ਾ : ਸੰਸਾਰ ਵਿਚ ਨਾ ਕੋਈ ਮੇਰਾ ਹੈ ਨਾ ਮੈਂ ਕਿਸੇ ਦਾ ਹਾਂ ਇਹ ਰਿਸ਼ਤੇ ਪਹਿਲਾਂ ਅਨੰਤ ਵਾਰ ਬਣੇ ਹਨ ਫੇਰ ਬਣਨਗੇ ਫੇਰ ਮੈਂ ਆਪਣਾ ਕਿਸ ਨੂੰ ਆਖਾਂ ਸੰਸਾਰ ਰਾਗ ਦਵੇਸ਼ ਵਿਚ ਫਸਿਆ ਹੈ ਜਨਮ ਮਰਨ ਦਾ ਘਰ ਹੈ ।

4) ਏਕਤਵਨ ਪਰੇਕਸ਼ਾ : ਮੈਂ ਇੱਕਲਾ ਹੀ ਆਇਆ ਹਾਂ ਇੱਕਲਾ ਹੀ ਜਾਵਾਂਗਾ । ਮੈਂ ਇਕਲਾ ਹੀ ਜੰਮਦਾ ਮਰਦਾ ਰਿਹਾ ਹਾਂ ਇਕਲਾ ਹੀ ਕਰਮਾ ਦਾ ਫਲ ਭੋਗਦਾਂ ਹਾਂ ਮੈਂ ਸੁਖ ਦੁਖ ਦਾ ਕਰਤਾ ਆਪ ਹੀ ਹਾਂ, ਕੋਈ ਹੋਰ ਨਹੀਂ ।

5) ਅਨਯਤਵਾਨੁ ਪਰੇਕਸ਼ਾ : ਅਗਿਆਨ ਵਸ ਮਨੁੱਖ ਸਰੀਰ ਅਤੇ ਹੋਰ ਪਦਾਰਥਾਂ ਨੂੰ ਆਪਣਾ ਮੰਨਦਾ ਹੈ । ਸਰੀਰ ਅੱਡ ਹੈ ਅਤੇ ਮੈਂ ਆਤਮਾ ਇਨਾਂ ਤੋਂ ਅਲਗ ਹਾਂ ਮੇਰੀ ਆਤਮਾ (ਚੇਤਨਾ) ਅਵਿਨਾਸ਼ੀ ਹੈ ।

6) ਅਸ਼ੁਚੀ ਭਾਵਨਾਨੁ ਪਰੇਕਸ਼ਾ : ਸੰਸਾਰ ਦਾ ਸਾਰਾ ਸੁੰਦਰ ਪਨ ਇਕ ਸਚਾਈ ਭਰੀ ਗੰਦਗੀ ਹੈ। ਹਰ ਸੋਹਣਾ ਸਰੀਰ ਬੁਢਾਪਾ ਆਉਣ ਤੇ ਵੇਖਣ ਯੋਗ ਨਹੀਂ ਰਹਿੰਦਾ। ਇਹ ਸਰੀਰ ਵਿਚ ਹਰ ਅੰਗ ਗੰਦਗੀ ਰੋਗ ਨਾਲ ਭਰੇ ਪਏ ਹਨ। ਇਸ ਸਰੀਰ ਪ੍ਰਤੀ ਫੇਰ ਮੋਹ ਮਮਤਾ ਕਿਉਂ ਰਖੀ ਜਾਵੇ ? ਇਹ ਸਰੀਰ ਗੰਦਗੀ, ਬੀਮਾਰੀ ਦਾ ਘਰ ਹੈ।

7) ਆਸ਼ਰਵਾਨੁ ਪਰੇਕਸ਼ਾ :—ਜੀਵ ਆਸ਼ਰਵ (ਕਰਮ ਆਉਣ ਦੀ ਪ੍ਰਕ੍ਰਿਆ) ਕਾਰਣ ਅਨਾਦਿ ਕਾਲ ਤੋਂ ਦੁਖ ਪਾ ਰਿਹਾ ਹੈ। ਕਰਮਾ ਦਾ ਕਿਸ ਤਰਾਂ ਆਉਣਾ ਹੁੰਦਾ ਹੈ ਅਤੇ ਇਨਾਂ ਕਰਮਾ ਦੇ ਦਰਵਾਜੇ ਕਿਸ ਤਰਾਂ ਬਦ ਹੁੰਦੇ ਹਨ ਇਹੋ ਭਾਵ ਇਸ ਅਨੁਪਰੇਕਸ਼ਾ ਦਾ ਹੈ।

8) ਸੰਵਰ ਅਨੁਪਰੇਕਸ਼ਾ : ਆਸ਼ਰਵਾ ਦਾ ਨਿਰੋਧ (ਰੋਕਨਾ) ਹੀ ਸੰਬਰ ਹੈ। ਮਿਖਿਆਤਵ ਅਵਿਰਤੀ, ਪ੍ਰਮਾਦ, ਕਸ਼ਾਏ ਅਤੇ ਯੋਗ (ਮਨ ਬਚਨ ਤੇ ਕਾਈਆ ਦਾ ਸੁਮੇਲ) ਦੀ ਆਸ਼ਰਵ (ਕਰਮ ਆਗਮਨ) ਦਾ ਪ੍ਰਮੁਖ ਕਾਰਣ ਹੈ ਇਨਾਂ ਕਾਰਣਾਂ ਨੂੰ ਤਿਆਗ ਕੇ ਤਪ, ਸਮਿਤਿ, ਗੁਪਤੀ, ਚਰਿੱਤਰ ਨਾਲ ਧਰਮ ਪਾਲਣ ਕਰਨਾਂ ਹੀ ਸੰਬਰ ਦਾ ਆਚਰਨ ਹੈ।

9) ਨਿਰਜ਼ਰਾ ਨੁਪਰੇਕਸ਼ਾ :—ਕਰਮਾ ਦਾ ਕਿਸੇ ਪੱਖੋਂ ਖੁਰ ਜਾਣਾ ਜਾਂ ਝੜ ਜਾਣਾ ਹੀ ਨਿਰਜਰਾ ਹੈ। ਨਿਰਜਰਾ ਲਈ ਤੱਪ ਜ਼ਰੂਰ ਹੈ। ਇਸ ਪ੍ਰਕਾਰ ਨਿਰਜਰਾ ਦਾ ਸਵ-ਰੂਪ ਹੈ ਸਮਝ ਕੇ ਚਿੰਤਨ ਕਰਨਾ ਹੀ ਨਿਰਜਰਾ ਭਾਵਨਾ ਹੈ। ਦੁਖਾਂ, ਕਸ਼ਟਾ, ਪਰੀਸ਼ੇ ਨੂੰ ਸਮਝ ਦਾਰੀ ਨਾਲ, ਹੌਂਸਲੇ ਨਾਲ, ਗਿਆਨ ਪੂਰਵ ਸਹਿਨ ਕਰਨ ਨਾਲ ਹੀ ਨਿਰਜਰਾ ਹੁੰਦੀ ਹੈ।

10) ਲੋਕਾਨੁਪਰੇਕਸ਼ਾ :—ਸੰਸਾਰ ਦਾ ਕਾਰਨ ਛੇ ਦਰਵ (ਧਰਮ ਆਦਿ) ਦਾ ਸਵਰੂਪ ਤੇ ਚਿੰਤਨ ਮਨਨ ਵਾਰ ੨ ਕਰਨਾ, ਜੜ੍ਹ ਤੇ ਚੇਤਨ ਪਦਾਰਥਾਂ ਦੇ ਸਵਰੂਪ ਨੂੰ ਜਾਨਣਾ ਲੋਕਾਨੁਪਰਕੇਸ਼ਾ ਹੈ।

11) ਬੋਧੀ ਦੁਰਲਤਭਾਵਨੁ ਪਰੇਕਸਾ :—ਅਨਾਦਿ ਕਾਲ ਤੋਂ ਪ੍ਰੰਪਰਾ ਵਿਚ ਫਸੇ ਪ੍ਰਾਣੀ ਨੂੰ ਬੋਧੀ (ਗਿਆਨ) ਬਹੁਤ ਹੀ ਮੁਸਿਕਲ ਹੈ ਸ਼ੁਧ ਬੋਧ ਹੀ ਮੋਕਸ਼ ਮਾਰਗ ਦਾ ਕਾਰਣ ਹੈ। ਸਮਿਕਤਵ ਦਾ ਸਵਰੂਪ ਅਤੇ ਸਮਿਅਕ ਦ੍ਰਿਸ਼ਟੀ ਆਤਮਾ ਦਾ ਗੁਣਗਾਨ ਇਸ ਵਿਚ ਸ਼ਾਮਲ ਹੈ।

12. ਧਰਮ ਸਵਾਤਾਖਿਆਤ ਤਤਵਾਨੁ ਪਰੇਕਸ਼ਾ :—ਧਰਮ ਵਿਚ ਸਥਿਰ ਹੋਣ ਲਈ ਸ਼ੁਧ ਧਰਮ ਦਾ ਚਿੰਤਨ ਮਨਨ ਕਰਨਾ ਬਹੁਤ ਜ਼ਰੂਰੀ ਹੈ। ਵੀਤਰਾਗੀ ਪੁਰਸ਼ਾਂ ਦੇ ਧਰਮ ਪਾ ਕੇ ਖੁਸ਼ ਹੋਣਾ। ਇਸ ਧਰਮ ਦੀ ਆਤਮਾ ਪ੍ਰਸੰਸਾ ਇਸ ਵਿਚ ਸ਼ਾਮਲ ਹੈ।

ਸਾਧੂ ਦਾ 16ਵੇ ਗੁਣ ਦਾ ਭਾਗ 12 ਪ੍ਰਕਾਰ ਦੀ ਪ੍ਰਤਿਮਾਵਾਂ (ਸਾਧਨਾ ਦੀਆਂ ਅਵਸ-ਥਾਵਾਂ) ਸ਼ਾਮਲ ਹਨ ਜੋ ਕਰਨ ਸੱਤ ਦਾ ਭਾਗ ਹਨ। ਇਹ ਪ੍ਰਤਿਮਾਵਾਂ ਸਮੁੱਚੀ ਆਤਮ

ਸ਼ਕਤੀ ਵਧਾਉਣ ਵਿਚ ਸਹਾਇਕ ਹਨ :—

1. ਪ੍ਰਥਮ :—ਇਕ ਦਤੀ ਅੰਨ. ਇਕ ਦੱਤ ਪਾਣੀ ਗ੍ਰਹਿਣ ਕਰਨਾ। ਇਸ ਦਾ ਸਮਾਂ ਇਕ ਮਹੀਨਾ ਹੈ।

2)-7) ਦੂਸਰੀ ਪ੍ਰਤਿਮਾ ਵਿਚ ਦੋ ਦਤੀ ਅਹਾਰ ਅਤੇ ਦੋ ਦਤੀ ਪਾਣੀ ਹੈ।

ਇਸ ਪ੍ਰਕਾਰ ਬਾਕੀ ਸੱਤ ਪ੍ਰਤਿਮਾਵਾਂ ਦਾ ਸਵਰੂਪ ਹੈ। ਸਾਰੀ ਪ੍ਰਤਿਮਾਵਾਂ ਦਾ ਸਮਾਂ ਇਕ ਮਹੀਨਾ ਹੈ।

8) ਇਕ ਸੱਤ ਅਹੋਰਾਤ ਸਮਾਂ ਹੈ। ਇਸ ਵਿਚ ਇਕ ਨਿਰ ਅਹਾਰ ਵਰਤ ਕਰਨਾ ਅਤੇ ਪਿੰਡ ਤੋਂ ਬਾਹਰ ਉਤਾਨਆਸਨ (ਅਕਾਸ਼ ਵੱਲ ਮੂੰਹ ਕਰਕੇ ਲੇਟਨਾ) ਪਾਰਸ ਆਸਨ (ਇਕ ਕਰਵਟ ਲੈ ਕੇ ਲੇਟਨਾ) ਨਿਸ਼ਧਾ ਆਸਨ (ਪੈਰਾਂ ਨੂੰ ਬਰਾਬਰ ਕਰਕੇ ਬੈਠਨਾ) ਨਾਲ ਧਿਆਨ ਲਗਾਨਾ। ਹਰ ਕਸ਼ਟ ਨੂੰ ਸ਼ਾਂਤ ਚਿੰਤ ਨਾਲ ਸਹਿਣਾ ਸ਼ਾਮਲ ਹੈ।

9) ਇਹ ਵੀ ਸੱਤ ਔਹਰਾਤਰੀ ਦੀ ਹੈ ਇਸ ਵਿਚ ਚੋਵਿਹਾਰ ਦੋ ਵਰਤ ਕਰਨਾ ਦਾ ਵਿਧਾਨ ਹੈ। ਦੰਡ ਆਸਨ, ਲਗੁੜ ਆਸਨ, ਉਤਕਟੂਕਸਾਨ ਰਾਹੀਂ ਧਿਆਨ ਕਰਨਾ ਜ਼ਰੂਰੀ ਹੈ।

10) ਇਹ ਸੱਤ ਰਾਤ ਦੀ ਹੈ। ਇਸ ਵਿਚ ਤਿੰਨ ਵਰਤ ਦੇ ਹਾਕਾ ਆਸਨ, ਵੀਰ ਆਸਨ ਆਨਰ ਕੁਬਜ ਆਸਨ ਕਰਦੇ ਹੋਏ ਧਿਆਨ ਲਗਾਨਾ ਹੁੰਦਾ ਹੈ।

11) ਇਹ ਪ੍ਰਤਿਮਾ ਇਕ ਅਹੋਰਾਤਰੀ 8 ਪਹਿਰ ਦੀ ਹੈ। 4 ਵਰਤਾ ਰਾਹੀਂ ਸ਼ਰਿਰ ਦੇ ਬਾਹਰ ਦੋਹੇ ਹੱਥਾਂ, ਘੁਟਨੇ ਨੂੰ ਲੰਬਾ ਕਰਕੇ ਕਾਯੋਤਸਰਗ ਕੀਤਾ ਜਾਂਦਾ ਹੈ।

12) ਇਹ ਪ੍ਰਤਿਮਾ ਇਕ ਰਾਤ ਦੀ ਹੈ। ਇਸ ਦੀ ਅਰਾਧਨਾ ਇਕ ਰਾਤ ਦੀ ਹੈ। ਵਰਤ ਕਰਕੇ, ਪਿੰਡ ਤੋਂ ਬਾਹਰ ਉਜਾੜ ਥਾਂ ਤੇ ਮੱਥੇ ਨੂੰ ਥੋੜਾ ਜਿਹਾ ਝੁਕਾ ਕੇ ਇਕ ਪੁਦਗਲ (ਪਦਾਰਥ) ਦੇ ਬਿਨਾਂ ਅੱਖ ਝਿਪਕਾਏ ਵੇਖਣਾ ਤੇ ਕਾਯੋਤਸਰਗ (ਸਮਾਧੀ) ਕਰਨਾ। ਇਸ ਵਿਚ ਸ਼ਾਮਲ ਹੈ।

ਸਾਧੂ ਦੇ ਗੁਣ ਹੋਰ ਇਸ ਪ੍ਰਕਾਰ ਹੈ।

(17) ਯੋਗ ਸਤ (18) ਖਿਮਾ (19) ਵੈਰਾਗਤਾ (20) ਮਨ ਸਮਾਹਰਨਤਾ (ਗਲਤ ਮਨ ਨੂੰ ਠੀਕ ਭਾਵ ਵਿਚ ਸਥਾਪਨ ਕਰਨਾ) (21) ਵਾਕ ਸਮਾਹਰਨਤਾ (ਗਲਤ ਵਚਨਾ ਨੂੰ ਠੀਕ ਭਾਵ ਵਿਚ ਸਥਾਪਿਤ ਕਰਨਾ) (22) ਕਾਇਆ ਸਮਾਹਰਨਤਾ (ਪਾਪ ਵਿਚ ਲੱਗੇ ਸਰੀਰ ਨੂੰ ਸ਼ੁਭ ਭਾਵ ਵਿਚ ਲਗਾਉਣਾ) (23) ਗਿਆਨ ਸੰਪਨਤਾ (24) ਦਰਸ਼ਨ ਸੰਪਨਤਾ (25) ਚਾਰਿੱਤਰ ਸੰਪਨਤਾ (26) ਵੇਦਨਾ ਸਮਾਧਿਸੰਪਨਤਾ : ਕਿਸੇ ਪ੍ਰਕਾਰ ਦੇ ਰੋਗ ਨੂੰ ਆਉਣ ਤੇ ਸਮਭਾਵ ਪੂਰਵਕ ਸਹਿਨ ਕਰਨਾ।

ਇਸ ਲਈ ਦੋ ਸ਼ਬਦ ਹਨ ਉਪਸਰਗ ਅਤੇ ਪਰਿਸ਼ੇ। ਉਪਸਰਗ ਸਾਧਨਾ ਦੀ ਕਸੌਟੀ ਹਨ ਇਹ ਦੇਵਤਾ, ਮਨੁਖ ਅਤੇ ਪਸ਼ੂ ਰਾਹੀਂ ਦਿਤੇ ਜਾਂਦੇ ਹਨ। ਇਨ੍ਹਾਂ ਦੁਖਾਂ ਨੂੰ

ਸਹਿਣਾ ਉਪਸਰਗ ਹੈ। ਦੂਸਰੀ ਵੇਦਨਾ (ਕਸ਼ਟ) ਪਰਿਸ਼ੈ ਕਾਰਣ ਹੁੰਦੀ ਹੈ। ਅੰਗੀਕਾਰ ਕੀਤੇ ਧਰਮ ਮਾਰਗ ਵਿਚ ਸਥਿਰ ਰਹਿਣ ਅਤੇ ਕਰਮ ਬੰਧਨ ਨੂੰ ਖਤਮ ਕਰਨ ਲਈ ਇਨਾਂ ਕਸ਼ਟਾ ਨੂੰ ਸਮਭਾਵ ਨਾਲ ਸਹਿਣ ਕੀਤਾ ਜਾਂਦਾ ਹੈ। ਇਹ ਪਰਿਸ਼ੈ 22 ਹਨ।

(1-2) ਭੁਖ ਪਿਆਸ (3-4) ਸਰਦੀ ਗਰਮੀ (5) ਮੱਛਰ ਸੱਪ ਦੇ ਡੰਗ (6) ਨਗਨਤਾ (7) ਅਰਤਿ (8) ਇਸਤਰੀ (9) ਸਫਰ (10) ਬਿਨਾਂ ਕਾਰਣ ਘੁੰਮਣਾ (11) ਅਯੋਗ ਸ਼ੈਯਾ (12) ਕਠੋਰ ਵਚਨ ਦਾ ਪਰਿਸ਼ੈ (13) ਚੋਰ ਸਮਝ ਕੇ ਬੰਨ੍ਹਿਆ ਜਾਣਾ (14) ਭਿਖਿਆ ਮੰਗਣ ਤੇ ਸ਼ਰਮ ਦਾ ਦੁਖ (15) ਮਨ ਭਾਉਂਦੇ ਵਸਤੂ ਨਾ ਮਿਲਣ ਦਾ ਦੁੱਖ (16) ਰੋਗ (17) ਘਾਹ ਫੂਸ ਨਾ ਮਿਲਣ ਦਾ ਪਰਿਸ਼ਾ (18) ਗਰਮੀ ਕਾਰਣ ਪੈਦਾ ਮੈਲ ਪਰਿਸ਼ਾ (19) ਸਤਿਕਾਰ ਸਨਮਾਨ ਦਾ ਪਰਿਸ਼ਾ (20) ਪ੍ਰਗਿਆ (ਗਿਆਨੀ ਹੋ ਕੇ ਵੀ ਨਾ ਦਸ ਸਕਣਾ) (21) ਅਗਿਆ-ਨਤਾ ਦਾ ਪਰਿਸ਼ੈ (22) ਦਰਸ਼ਨ (ਵਿਸ਼ਵਾਸ) ਪਰਿਸ਼ੈ।

ਸਾਧੂ ਸਾਧਵੀ ਲਈ ਇਨ੍ਹਾਂ 27 ਗੁਣਾਂ ਦਾ ਹੋਨਾ ਉਨ੍ਹਾਂ ਦੇ ਸੰਪੂਰਨ ਹੋਣ ਦੀ ਨਿਸ਼ਾਨੀ ਹੈ।

# ਧਰਮ

ਅਰਿਹੰਤ ਦੇਵ, ਸਿਧ ਪ੍ਰਮਾਤਮਾ ਦੇ ਸਵਰੂਪ ਸਮਝਣ ਤੋਂ ਬਾਅਦ ਜਰੂਰੀ ਹੈ ਕਿ ਅਸੀਂ ਉਸ ਧਰਮ ਬਾਰੇ ਜਾਣਕਾਰੀ ਹਾਸਲ ਕਰੀਏ, ਜਿਸ ਤੇ ਚਲ ਕੇ ਆਤਮਾ ਪ੍ਰਮਾਤਮਾ ਬਣ ਸਕਦੀ ਹੈ। ਉਪਾਧਿਆ ਸ੍ਰੀ ਯਸ਼ੋ ਵਿਜੈ ਆਖਦੇ ਹਨ "ਧਰਮ ਉਸ ਨੂੰ ਆਖਦੇ ਹਨ ਜੋ ਸੰਸਾਰ ਸਮੁੰਦਰ ਵਿਚ ਡੁੱਬੇ ਜੀਵਾਂ ਨੂੰ ਧਾਰਨ ਕਰਦਾਂ ਹੈ। ਪਕੜਦਾ ਹੈ ਬਚਾਉਂਦਾ ਹੈ।

ਧਰਮ ਤੋਂ ਅਰਥ ਧੰਦਾ ਤੇ ਕਰਤਵ ਵੀ ਹੈ। ਜੈਨ ਸਾਹਿਤ ਵਿਚ ਛੇ ਸ਼੍ਰਿਸਟੀ ਦੇ ਕਾਰਣਾਂ ਵਿਚ ਧਰਮ ਅਤੇ ਅਧਰਮ ਦੋ ਦਰੱਵ ਵੀ ਹਨ। ਰੀਤੀ ਰਿਵਾਜ਼ ਵੀ ਧਰਮ ਅਖਵਾ- ਉਂਦੇ ਹਨ। ਵਸਤੂ ਨਿੱਜ ਦਾ ਸੁਭਾਵ ਵੀ ਧਰਮ ਹੈ। ਪਰ ਇਥੇ ਅਸੀਂ ਜਿਸ ਧਰਮ ਦਾ ਵਰਨਣ ਕਰਾਂਗੇ ਉਸ ਦਾ ਅਰਥ ਹੈ ਵੀਤਰਾਗ ਅਰਿਹੰਤ ਗਿਆਨੀਆਂ ਰਾਹੀਂ ਪ੍ਰਗਟ ਕੀਤਾ ਉਪਦੇਸ਼। ਇਹ ਉਪਦੇਸ਼ ਆਤਮ ਕਲਿਆਣ ਦਾ ਕਾਰਣ ਹੈ ਸ੍ਰੀ ਦਸ਼ਵੇਕਾਲਿਕ ਸੂਤਰ ਵਿਚ ਸਾਫ ਕਿਹਾ ਗਿਆ ਹੈ ਕਿ ਅਹਿੰਸਾ, ਸੰਜਮ ਤੇ ਤੱਪ ਰੂਪੀ ਤ੍ਰਿਵੇਨੀ ਹੀ ਧਰਮ ਹੈ ਜੋ ਇਸ ਧਰਮ ਦਾ ਪਾਲਨ ਕਰਦਾ ਹੈ ਉਸ ਨੂੰ ਦੇਵਤੇ ਵੀ ਨਮਸਕਾਰ ਕਰਦੇ ਹਨ।

ਕੁਝ ਮੱਤਾਂ ਵਿਚ, ਜਾਤ ਪਾਤ, ਛੂਆ ਛੂਤ, ਪਸ਼ੂਵਲੀ ਅਤੇ ਰੰਗ ਤੇ ਅਧਾਰਿਤ ਪ੍ਰੰਪਰਾ ਨੂੰ ਧਰਮ ਮੰਨਿਆ ਗਿਆ ਹੈ। ਵਾਮ ਮਾਰਗੀ ਪੰਜ ਮਕਾਰ ਵਿਚ ਧਰਮ ਮੰਨਦੇ ਹਨ। ਜੈਨ ਧਰਮ ਅਨੁਸਾਰ ਉਹ ਹੀ ਸ਼ੁਧ ਧਰਮ ਹੈ ਜੋ ਕੇਵਲ ਗਿਆਨੀ ਸਰਵੱਗ ਪੁਰਸ਼ਾ ਨੇ ਫੁਰਮਾਇਆ ਹੈ। ਚਾਰਵਾਕ ਆਦਿ ਨਾਸਤਕ ਵੀ ਧਰਮ ਅਖਵਾਉਂਦਾ ਹੈ। ਕਈ ਲੋਕ ਕਿਸੇ ਖਾਸ ਫਿਰਕੇ ਨੂੰ ਧਰਮ ਮੰਨਦੇ ਹਨ। ਕਈ ਧਾਰਮਿਕ ਚਿਨ੍ਹਾਂ ਨੂੰ ਹੀ ਧਰਮ ਮੰਨਦੇ ਹਨ।

**ਸ਼ੁਧ ਧਰਮ ਦੀ ਕਸੌਟੀ :**

"ਜੋ ਆਪਣੀ ਆਤਮਾ ਦੇ ਅਨਕੂਲ ਨਾ ਹੋਵੇ ਉਹ ਅਧਰਮ ਹੈ ਅਤੇ ਜੋ ਆਤਮਾ ਦੇ ਅਨੁਕੂਲ ਹੋਵੇ ਉਹ ਧਰਮ ਹੈ। ਦੂਸਰੀ ਕਸੌਟੀ ਹੈ ਜੋ ਕ੍ਰਿਆਵਾਂ ਸਰੱਵਗ ਭਗਵਾਨ ਦੇ ਆਖੇ ਅਨੁਸਾਰ ਹਨ। ਸੰਸਾਰ ਘਟਾਉਂਦੀਆਂ ਹੈ, ਮੋਕਸ਼ ਮਾਰਗ ਵਲ ਲਗਾਉਂਦੀਆਂ ਹੈ ਰਾਗ ਦਵੈਸ਼ ਖਤਮ ਕਰਦਾ ਹੈ। ਕਰਮ ਬੰਧ ਪ੍ਰੰਪਰਾ ਖਤਮ ਕਰਨ ਵਿਚ ਸਹਾਇਕ ਹੈ। ਉਹ ਕ੍ਰਿਆ ਵੀ ਧਰਮ ਹੈ।

### ਚਾਰ ਭਾਵਨਾਵਾਂ

## ਮੈਤਰੀ (ਦੋਸਤੀ)

ਸੰਸਾਰ ਦੇ ਸਾਰੇ ਪ੍ਰਾਣੀਆਂ ਨੂੰ ਆਪਣੀ ਆਤਮਾ ਸਮਾਨ ਸਮਝ ਕੇ ਵਿਵਹਾਰ ਕਰਨਾ

ਮੈਤਰੀ ਭਾਵਨਾ ਹੈ। ਜੋ ਮਨੁੱਖ ਹਿੰਸਾ ਝੂਠ ਤਿਆਗਦਾ ਹੈ ਉਹ ਹੀ ਮੈਤਰੀ ਦਾ ਵਿਕਾਸ ਕਰ ਸਕਦਾ ਹੈ। ਅਜਿਹਾ ਪੁਰਸ਼ ਸਾਰੇ ਜੀਵਾਂ ਨੂੰ ਸਮਤਾਯੋਗ, ਵਿਸ਼ਵ ਪ੍ਰੇਮ, ਵਿਸ਼ਵ ਭਰਾਤਰ ਭਾਵਨਾ, ਵਿਸ਼ਵ ਨੂੰ ਸਮਦਰਸ਼ੀ ਭਾਵਨਾ ਨਾਲ ਜਾਣਦਾ ਹੈ।

## ਪ੍ਰਮੋਦ

ਜੋ ਆਤਮਾ ਪੁੰਨ ਦੇ ਪ੍ਰਗਟ ਹੋਣ ਕਾਰਣ ਖਿਮਾ, ਸਮਤਾ, ਉਦਾਰ, ਦਿਆਵਾਨ ਗੁਣਾਂ ਨਾਲ ਵਿਭੂਸ਼ਿਤ ਹਨ। ਜੋ ਆਤਮਾਵਾਂ ਗਿਆਨ, ਦਰਸ਼ਨ, ਚਰਿੱਤਰ, ਤੱਪ ਦੀ ਅਰਾਧਨਾ ਵਿਚ ਲਗੀਆਂ ਹੋਈਆਂ ਹਨ ਉਨਾਂ ਨੂੰ ਵੇਖ ਕੇ ਖੁਸ਼ ਹੋਣਾ, ਉਨ੍ਹਾਂ ਦੀ ਪ੍ਰਸੰਸ਼ਾ ਕਰਨਾ ਹੀ ਪ੍ਰਮੋਦ ਭਾਵਨਾ ਹੈ। ਇਸ ਨਾਲ ਮਨੁੱਖ ਵਿਚ ਗੁਣ ਗ੍ਰਹਿਣ ਦੀ ਭਾਵਨਾ ਪ੍ਰਗਟ ਹੁੰਦੀ ਹੈ। ਆਤਮਾ ਦੂਸਰੇ ਦੇ ਦੋਸ਼ ਨਹੀਂ ਵੇਖਦਾ। ਨਾ ਹੀ ਈਰਖਾ ਕਰਦਾ ਹੈ।

## ਕਾਰੁਣਯ ਭਾਵਨਾ

ਜੋ ਆਤਮਾਵਾਂ ਪਾਪ ਕਰਨ ਕਾਰਨ ਭਿੰਨ ਭਿੰਨ ਪ੍ਰਕਾਰ ਦੇ ਦੁਖ ਭੋਗ ਰਹੇ ਹਨ ਉਨਾਂ ਦੇ ਦੁੱਖਾਂ ਨੂੰ ਦੂਰ ਕਰਨ ਦੀ ਵਿਰਤੀ ਕਰੁਣਾ ਭਾਵਨਾ ਹੈ ਜਿਸ ਦੇ ਮਨ ਵਿਚ ਅਜੇਹੀ ਭਾਵਨਾ ਪ੍ਰਗਟ ਹੁੰਦੀ ਹੈ ਉਹ ਕਿਸੇ ਦਾ ਦੁਖ ਦੇਖ ਨਹੀਂ ਸਕਦਾ। ਅਜਿਹਾ ਮਨੁੱਖ ਤੱਪ, ਤਿਆਗ, ਸੰਜਮ ਦਾ ਪਾਲਣ ਖੁਸ਼ੀ ਨਾਲ ਕਰਦਾ ਹੈ।

## ਮਾਧਯਸਥ

ਜੋ ਆਤਮਾਵਾਂ ਪਾਪੀ ਹਨ ਪਾਪ ਕਰਮ ਵਿਚ ਰੰਗੀਆਂ ਰਹਿੰਦੀਆਂ ਹਨ। ਗੁਸੇ ਵਿਚ ਆ ਕੇ, ਭਲਾ ਕਰਨ ਵਾਲੇ ਦਾ ਬੂਰਾ ਕਰਦੀਆਂ ਹਨ। ਧਰਮ, ਧਾਰਮਿਕ ਪੁਰਸ਼ਾ ਦੀ ਨਿੰਦਾ ਤੇ ਮਜਾਕ ਕਰਦੇ ਹਨ। ਹਿੰਸਾ, ਚੋਰੀ, ਵਿਭਚਾਰ. ਅਨਿਆ ਪੈਦਾ ਕਰਦੇ ਹੈ। ਅਜੇਹੀ ਆਤਮਾ ਪ੍ਰਤੀ ਨਾ ਰਾਗ [ਲਗਾਵ] ਅਤੇ ਨਾ ਦਵੇਸ਼ [ਗੁਸਾ] ਰਖਣਾ, ਸਗੋਂ ਦੋਵੇਂ ਹਾਲਤਾਂ ਵਿਚ ਬੇਪ੍ਰਵਾਹ ਰਹਿਣਾ ਹੀ ਮਾਧਯਮਥ ਭਾਵਨਾ ਹੈ।

ਸੰਸਾਰ ਵਿਚ 10 ਚੀਜਾਂ ਬਹੁਤ ਦੁਰਲਭ ਹਨ ਅਤੇ ਇਹ ਸ਼ੁਭ ਕਰਮ ਦੇ ਸਿਟੇ ਵਜੋਂ ਹੀ ਪ੍ਰਾਪਤ ਹੁੰਤੀਆਂ ਹਨ :

1] ਮਨੁੱਖ ਜਨਮ 2] ਆਰਿਆ ਖੇਤਰ 3] ਉਤਮ ਕੁਲ 4] ਲੰਬੀ ਉਮਰ 5] ਸੰਪੂਰਨ ਇੰਦਰੀਆਂ 6] ਨਿਰੋਗ ਸਰੀਰ 7] ਸਦਗੁਰੂ ਸਮਾਗਮ 8] ਸ਼ਾਸਤਰ ਦਾ ਸੁਨਣਾ 9] ਸ਼ੁਧ ਸ਼ਰਧਾ 10] ਧਰਮ ਸਪਰਸ਼।

ਸਵਾਲ ਪੈਦਾ ਹੁੰਦਾ ਹੈ ਕਿ ਜੈਨ ਧਰਮ ਵਿਚ ਧਰਮ ਦਾ ਸਵਰੂਪ ਕੀ ਦਸਿਆ ਗਿਆ ਹੈ ? ਇਸ ਸੰਬੰਧੀ ਜਾਨਣ ਲਈ ਸ੍ਰੀ ਸਥਾਂਨੰਗ ਸੂਤਰ ਦੀ ਮਦਦ ਲੈਂਦੇ ਹਨ ਜਿਥੇ ਦਸ ਪ੍ਰਕਾਰ ਦਾ ਧਰਮ ਦਸਿਆ ਗਿਆ ਹੈ :

1) **ਗ੍ਰਾਮ ਧਰਮ** : ਪਿੰਡ ਵਿਚ ਰਹਿਣ ਵਾਲੇ ਉਪਾਸਕ ਲਈ ਜਰੂਰੀ ਹੈ ਕਿ ਪਿੰਡ ਦੇ ਸੰਬੰਧੀ ਸਾਰੇ ਕਾਨੂੰਨਾ ਦਾ ਪਾਲਣ ਕਰੇ। ਕੋਈ ਅਜਿਹਾ ਪਾਪ ਜਾਂ ਗੁਨਾਹ ਨਾ

ਕਰੇ ਜਿਸ ਨਾਲ ਪਿੰਡ ਦਾ ਵਾਤਾਵਰਣ ਖਰਾਬ ਹੋਵੇ । ਪਿੰਡ ਸੰਬੰਧੀ ਕਰਤਵ, ਨੀਤੀ, ਨਿਯਮ ਅਤੇ ਗ੍ਰਾਮ ਸਥਵਿਰ ਰਾਹੀਂ ਆਖੇ ਕਾਨੂੰਨਾਂ ਦਾ ਪਾਲਨਾ ਕਰੇ ।

2) **ਨਗਰ ਧਰਮ :** ਜਦ ਪਿੰਡਾਂ ਵਿਚ ਅਬਾਦੀ ਵਧ ਜਾਂਦੀ ਹੈ ਤਾਂ ਉਹ ਨਗਰ ਦਾ ਰੂਪ ਧਾਰਨ ਕਰ ਲੈਂਦਾ ਹੈ । ਹਰ ਨਗਰ ਦੀ ਵਿਵਸਥਾ ਤੇ ਕਾਨੂੰਨ ਲਈ ਕੁਝ ਨਿਯਮ ਰਾਜਾ ਜਾਂ ਗਣਰਾਜ ਵਲੋਂ ਜਾਰੀ ਹੁੰਦੇ ਹਨ । ਸ਼ਹਿਰ ਦਾ ਰਾਜਾ ਟੈਕਸ ਵਗੈਰਾ ਲਾਉਂਦਾ ਹੈ । ਸ਼ਹਿਰ ਵਿਚ ਭਿੰਨ ਭਿੰਨ ਧੰਦਿਆ ਦੇ ਲੋਕ ਹਨ । ਸਾਰੇ ਲੋਕਾ ਦਾ ਕਾਨੂੰਨ ਅਤੇ ਨਗਰ ਪ੍ਰਤੀ ਜਿੰਮੇਵਾਰੀ ਨਿਭਾਉਣਾ ਨਗਰ ਧਰਮ ਹੈ ।

3) **ਰਾਸ਼ਟਰ ਧਰਮ :** ਬਹੁਤ ਸਾਰੇ ਪਿੰਡਾਂ ਤੇ ਸ਼ਹਿਰਾ ਤੋਂ ਰਾਸ਼ਟਰ ਦੀ ਉਤ-ਪਤੀ ਹੁੰਦੀ ਹੈ ਰਾਸ਼ਟਰ ਵਲੋਂ ਜੋ ਨਿਯਮ ਇਕ ਜਿੰਮੇਵਾਰ ਆਦਰਸ਼ ਨਾਗਰਿਕ ਦੇ ਹਨ । ਉਨ੍ਹਾਂ ਦੀ ਪਾਲਣਾ ਕਰਨਾ, ਦੇਸ਼ ਪ੍ਰਤੀ ਵਫਾਦਾਰ ਰਹਿਣਾ ਇਸ ਧਰਮ ਦਾ ਅੰਗ ਹੈ ਜਿਥੇ ਜੋ ਲੋਕ ਗ੍ਰਾਮ ਧਰਮ ਤੇ ਨਗਰ ਧਰਮ ਦਾ ਪਾਲਣ ਨਹੀਂ ਕਰਦੇ, ਉਹ ਰਾਸ਼ਟਰ ਉਗਰਵਾਦ ਵਲ ਚਲਾ ਜਾਂਦਾ ਹੈ । ਵਰਤਮਾਨ ਸਮੇਂ ਵਿਚ ਸੰਵਿਧਾਨ ਅਨੁਸਾਰ ਜਿੰਮੇਵਾਰੀ ਦਾ ਪਾਲਣ ਰਾਸ਼ਟਰ ਧਰਮ ਦਾ ਹਿਸਾ ਹੈ ।

5. **ਪਾਖੰਡ ਧਰਮ** : ਇਥੇ ਪਾਖੰਡ ਸ਼ਬਦ ਦਾ ਅਰਥ ਵਰਤਮਾਨ ਪਾਖੰਡ ਨਹੀਂ । ਇਥੇ ਪਾਖੰਡ ਤੋਂ ਅਰਥ ਵਰਤ ਹੈ । ਜੋ ਪਾਪ ਦਾ ਖੰਡਨ ਕਰਦਾ ਹੈ ਉਹ ਪਾਖੰਡ ਹੈ । ਵਰਤ ਵਿਚ ਤਿਆਗ, ਤੱਪ, ਪਛੱਖਾਨ, ਪ੍ਰਣ ਪ੍ਰਤਿਗਿਆ ਸ਼ਾਮਲ ਹੈ ਸੋ ਜੋ ਧਰਮ ਦੀ ਰਖਿਆ ਲਈ ਤਿਆਗ ਆਦਿ ਪ੍ਰਤਿਗਿਆ ਨਾਲ ਵਰਤਾ ਦਾ ਪਾਲਣ ਕੀਤਾ ਜਾਂਦਾ ਹੈ ਉਹ ਹੀ ਪਾਖੰਡ ਧਰਮ ਹੈ । ਇਹ ਦੋ ਪ੍ਰਕਾਰ ਦਾ ਹੈ । 1] ਸੰਜਾਰੀਕ (ਲੌਕਿਕ) 2] ਪਰ ਲੌਕਿਕ । ਗ੍ਰਹਿਸਥ ਧਰਮ ਅਤੇ ਸਾਧੂ ਧਰਮ ਦੀਆਂ ਪ੍ਰਤਿਗਿਆਵਾਂ ਦਾ ਪਾਲਨ ਹੀ ਇਸ ਧਰਮ ਦਾ ਅੰਗ ਹੈ ।

6. **ਕੁਲ ਧਰਮ :** ਕੁਲ ਤੋਂ ਭਾਵ ਪਰਿਵਾਰ ਵਾਲਿਆ ਦਾ ਇਕ ਤਰ੍ਹਾਂ ਦਾ ਅਚਾਰ-ਵਿਚਾਰ, ਵਿਵਹਾਰ ਅਤੇ ਪਰਪੰਰਾਵਾਂ ਦਾ ਪਾਲਨ ਹੀ ਕੁਲ ਧਰਮ ਹੈ । ਪਰ ਕੁਲ ਧਰਮ ਦਾ ਪਾਲਨ ਕਰਦੇ ਅਜਿਹੀ ਕੁਲ ਪ੍ਰਪੰਰਾ ਨੂੰ ਧਰਮ ਨਹੀਂ ਮੰਨਿਆ ਜਾ ਸਕਦਾ, ਜੋ ਹਿੰਸਾ ਦਾ ਕਾਰਣ ਹੋਵੇ । ਜਿਵੇਂ ਕੋਈ ਬਲੀ ਪ੍ਰਥਾ, ਸ਼ਿਕਾਰ, ਜੂਏ ਨੂੰ ਧਰਮ ਮੰਨਦਾ ਹੈ, ਕੋਈ ਵਿਭਚਾਰ ਨੂੰ ਧਰਮ ਮੰਨਦਾ ਹੈ । ਇਹ ਧਰਮ ਕੁਲ ਧਰਮ ਨਹੀਂ, ਸਗੋਂ ਕੁਲ ਦੇ ਵਿਨਾਸ਼ ਦਾ ਕਾਰਣ ਹਨ । ਸੋ ਅਪਣੇ ਕੁਲ ਨੂੰ ਇਸ ਪਾਪ ਤੋਂ ਬਚਾ ਕੇ ਸੱਚੇ ਕੁਲ ਧਰਮ ਦਾ ਪਾਲਨ ਕਰਨ ਚਾਹਿਦਾ ਹੈ ।

ਕੁਲ ਧਰਮ ਦੇ ਦੋ ਭਾਗ ਹਨ ।

**ਲੌਕਿਕ :** ਕੁਲ ਪ੍ਰਪੰਰਾਂ ਦਾ ਪਾਲਨ ਕਰਦੇ ਹੋਏ ਬੱਚਿਆ ਲਈ ਯੋਗ ਸਿਖਿਆ ਦਾ ਪ੍ਰਬੰਧ ਕਰਨਾ । ਵੰਸ਼ ਦੀ ਦੇਖ ਭਾਲ ਅਤੇ ਸੁਰਖਿਆ ਵੀ ਇਸ ਵਿਚ ਸ਼ਾਮਲ ਹੈ ।